੧ੴ ਸਤਿਗੁਰ ਪ੍ਰਸਾਦਿ ॥

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ
ਤਾ ਮੇਰੈ ਮਨਿ ਭਇਆ ਨਿਧਾਨਾ

ਸ੍ਰੀ ਗੁਰੂ ਅਰਜਨ ਦੇਵ ਜੀ

ਬਾਣੀ ਦਾ ਬੋਹਿਥਾ

ਗੁਰੂ ਨਾਨਕ ਮਿਸ਼ਨ ਲੜੀ
ਦਾ
ਅਠਵਾਂ ਟ੍ਰੈਕਟ

ਮੋਖ ੧੮ ਪੈਸੇ

ਇਸ ਟਰੈਕਟ ਨੂੰ ਸੰਗਤਾਂ ਵਿਚ ਵੰਡਣ ਲਈ ਹੇਠ ਲਿਖੇ ਸਜਣਾਂ ਨੇ ਉਦਮ ਕੀਤਾ ਹੈ

ਭਾਈ ਪਿਆਰ ਸਿੰਘ ਜਵਾਹਰ ਸਿੰਘ ਲਾਇਲਪੁਰ ਵਾਲੇ ਅਹਿਮਦਾਬਾਦ

ਗੁਰੂ ਨਾਨਕ ਪ੍ਰਚਾਰ ਸੈਂਟਰ, ਪੂਸਾ ਰੋਡ ਨਵੀਂ ਦਿਲੀ

ਸ੍ਰ: ਕਰਮ ਸਿੰਘ, ਪੰਜਾਬ ਆਇਲ ਮਿਲਜ਼ ਰਾਏ ਪੁਰ M.P.

ਮੇਜਰ ਪ੍ਰੀਤਮ ਸਿੰਘ ਵਿਰਕ, ਮੌਡਲ ਟਾਊਨ ਪਟਿਆਲਾ

ਬੇਦੀ ਸੁਹਿੰਦਰ ਸਿੰਘ, ਵੈਸਟ ਪਟੇਲ ਨਗਰ ਨਵੀਂ ਦਿਲੀ

ਸਿਖ ਸਟੂਡੰਟਸ ਮੈਡੀਕਲ ਕਾਲਜ ਪਟਿਆਲਾ

ਸ੍ਰ: ਰਾਮ ਸਿੰਘ ਮਖਣ ਸਿੰਘ, ਸ਼ੋਰੀ ਕਲਾਥ ਮਾਰਕੀਟ ਰੋਹਤਕ

ਆਦਿ ਗ੍ਰੰਥ ਸੰਪਾਦਨ

ਸ੍ਰੀ ਗੁਰੂ ਨਾਨਕ ਦੇਵ ਜੀ ਤਥਾ ਦੂਜੇ ਗੁਰੂ ਸਾਹਿਬਾਨ ਦੀ ਰਚੀ ਬਾਣੀ ਉਸ ਗਿਆਨ ਜਾਂ ਉਨ੍ਹਾਂ ਵਿਚਾਰਾਂ ਦਾ ਸੰਗ੍ਰਹਿ ਹੈ ਜੋ ਕਰਤਾ ਪੁਰਖ ਵਾਹਿਗੁਰੂ ਜੀ ਵਲੋਂ ਗੁਰੂ ਸਾਹਿਬਾਨ ਪ੍ਰਤੀ ਦਿਤੇ ਜਾਂਦੇ ਰਹੇ । ਗੁਰੂ ਜੀ ਇਸ ਬਾਰੇ ਇਉਂ ਕਥਦੇ ਹਨ :

'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ' ੭੨੨

ਗੁਰੂ ਨਾਨਕ ਦੇਵ ਜੀ

'ਜੇਹਾ ਤੂ ਕਰਾਇਹਿ ਤੇਹ ਹਉ ਕਰੀ ਵਖਿਆਨੁ' ਅਤੇ

'ਹਰਿ ਕਰਤਾ ਆਪਿ ਮੁਹਹੁ ਕਢਾਇ' ਗੁਰੂ ਰਾਮਦਾਸ ਜੀ

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ' ੭੬੩

ਗੁਰੂ ਅਰਜਨ ਦੇਵ ਜੀ

'ਕਹਿਓ ਪ੍ਰਭੂ ਸੁ ਭਾਖ ਹਉਂ ਕਿਸੂ ਨ ਕਾਣ ਰਾਖ ਹਉਂ'

ਗੁਰੂ ਗੋਬਿੰਦ ਸਿੰਘ ਜੀ

ਦੂਜੀ ਗੱਲ ਜੋ ਗੁਰੂ ਬਾਣੀ ਬਾਰੇ ਵਿਸ਼ੇਸ਼ ਧਿਆਨ ਮੰਗਦੀ ਹੈ ਓਹ ਹੈ ਆਪਣੇ ਕਥਨਾਂ ਦੀ ਸਚਾਈ ਬਾਰੇ ਗੁਰੂ ਜੀ ਦੀ ਦ੍ਰਿੜਤਾ ਅਤੇ ਇਸ ਉਪਰ ਆਪ ਦਾ ਅਟੱਲ ਵਿਸ਼ਵਾਸ, ਆਪ ਕਹਿੰਦੇ ਹਨ :

'ਸੰਤਨ ਕੀ ਸੁਣਿ ਸਾਚੀ ਸਾਖੀ - ਸੋ ਬੋਲਹਿ ਜੋ ਪੇਖਹਿ ਆਖੀ'

ਮਹਲਾ ੫ ੮੯੪

'ਜੇਹਾ ਡਿਠਾ ਮੈ ਤੇਹੋ ਕਹਿਆ - ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ'

ਮਃ ੫ ੯੧

'ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ' ਮ: ੫ ੫੩੪

'ਡਿਠੀ ਹਭ ਢਢੋਲਿ ਸੁਖ ਨ ਨਾਮ ਬਿਨੁ' ਮ: ੫

'ਸੋਧਤ ਸੋਧਤ ਸੋਧਿ ਤਤੁ ਬੀਚਾਰਿਆ - ਨਾਮ ਬਿਨਾ ਸੁਖ ਨਾਹਿ ਸਰ ਪਰ ਹਾਰਿਆ'

ਸੂਹੀ ਮ: ੫

ਸ੍ਰੀ ਗੁਰੂ ਅਰਜਨ ਦੇਵ ਵਰਗੇ ਬ੍ਰਹਮ ਗਿਆਨੀ (ਬ੍ਰਹਮ ਨੂੰ ਜਾਣਨ ਵਾਲੇ) ਕਿਤਨੀ ਦ੍ਰਿੜਤਾ ਨਾਲ ਕਹਿੰਦੇ ਹਨ ਕਿ ਮੈਂ ਹਛੀ ਤਰ੍ਹਾਂ ਢੂੰਡ ਭਾਲ ਕਰਕੇ ਇਹ ਗੱਲ ਨਿਸਚੇ ਕਰ ਲਈ ਹੈ ਕਿ ਨਾਮ ਤੋਂ ਬਿਨਾਂ ਸੁਖ ਨਹੀਂ ਮਿਲਦਾ

ਫਿਰ ਕਹਿੰਦੇ ਹਨ ਕਿ ਮੈਂ ਕੋਈ ਮੁਬਾਲਗਾ ਨਹੀਂ ਕਰ ਰਿਹਾ ਜਾਂ ਆਪਨਾ ਖਿਆਲ ਦ੍ਰਿੜ ਕਰਾਉਣ ਲਈ ਐਵੇਂ ਜੋਸ਼ ਵਿਚ ਆਕੇ ਨਹੀਂ ਕਹਿੰਦਾ ਬਲਕਿ ਠੰਡੇ ਦਿਲ ਨਾਲ ਸੁਭਾਵਕ ਗੱਲ ਕਰਦਾ ਹਾਂ ਕਿ :

'ਹਰਿ ਕਾ ਨਾਮੁ ਜਪਤ ਦੁਖੁ ਜਾਇ
ਨਾਨਕ ਬੋਲੈ ਸਹਜਿ ਸੁਭਾਇ' ਮਹਲਾ ੫

ਜੋ ਗਿਆਨ ਕਰਤਾਪੁਰਖ ਵਲੋਂ ਆਵੇਸ਼ ਦੇ ਰੂਪ ਵਿਚ ਗੁਰੂ ਸਾਹਿਬਾਨ ਉਤੇ ਬਖਸ਼ਸ਼ ਹੋਇਆ ਉਸ ਨੂੰ ਵਡੀ ਦ੍ਰਿੜਤਾ ਨਾਲ ਅਤੇ ਨਿਸਚੇ-ਜਨਕ ਸ਼ਬਦਾਂ ਵਿਚ ਉਨ੍ਹਾਂ ਨੇ ਲੋਕਾਂ ਪ੍ਰਤੀ ਦਿਤਾ ਅਤੇ ਕਿਹਾ:

'ਸਭਿ ਨਾਦ ਬੇਦ ਗੁਰਬਾਣੀ'

ਇਹ ਓਹ ਟਕਸਾਲ ਹੈ ਜਿਸ ਦੀ ਛਾਪ ਮਨੁਖੀ ਆਤਮਾ ਨੂੰ ਪ੍ਰਵਾਨਗੀ ਬਖਸ਼ਦੀ ਹੈ, ਜਿਸ ਦੇ ਸੁਨਣ ਅਤੇ ਮੰਨਣ ਤੋਂ ਸਾਧਾਰਨ ਮਨੁਖ ਨੂੰ 'ਪੰਚ' ਦੀ ਪਦਵੀ ਪਰਾਪਤ ਹੁੰਦੀ ਹੈ, ਜੋ ਅੰਧਕਾਰ ਵਿਚ ਉਲਝੇ ਮਨ ਲਈ ਚਾਨਣ ਮੁਨਾਰੇ ਦਾ ਕੰਮ ਦੇਂਦੀ ਹੈ :

'ਸਤਿਗੁਰ ਸਬਦਿ ਉਜਾਰੋ ਦੀਪਾ'

ਅਤੇ ਜਿਸ ਦਾ ਗਾਉਣਾ ਤੇ ਸੁਨਣਾ ਸਦਾ ਰਹਿਣ ਵਾਲੇ ਸਹਜ ਸੁਖ ਵਿਚ

ਵਾਸਾ ਦੇਂਦਾ ਹੈ :

'ਗੁਰਬਾਣੀ ਗਾਵਹੁ ਭਾਈ
ਓਹ ਸਫਲ ਸਦਾ ਸੁਖਦਾਈ ।'

ਕਦੀ ਤ੍ਰਿਪਤ ਨ ਹੋਣ ਵਾਲੀਆਂ ਵਾਸ਼ਨਾਵਾਂ ਵਿਚ ਉਲਝੇ ਸੰਸਾਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਵਡੀ ਦੇਣ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਗੁਰੂ ਬਾਣੀ ਹੈ। ਆਪ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਅਤੇ ਉਹ ਸਾਰੇ ਸ਼ਬਦ ਅਤੇ ਬਾਣੀਆਂ ਜਿਨ੍ਹਾਂ ਦੀ ਰਚਨਾ ਆਪਨੇ ਕੀਤੀ ਸੀ ਨੂੰ ਇਕਠਾ ਕੀਤਾ ਅਤੇ ਵਿਸ਼ੇਸ਼ ਤਰਤੀਬ ਦੇ ਕੇ ਇਨ੍ਹਾਂ ਦਾ ਸੰਨ ੧੬੦੪ ਵਿਚ ਸੰਪਾਦਨ ਕੀਤਾ ਅਤੇ ਇਸ ਤਰ੍ਹਾਂ ਰਚੇ ਗ੍ਰੰਥ ਦੇ ਅਖੀਰ ਤੇ ਮੁੰਦਾਵਨੀ ਦੀ ਛਾਪ ਪਾ ਕੇ ਇਨ੍ਹਾਂ ਵਿਚ ਕਿਸੇ ਪਰਕਾਰ ਦਾ ਵਾਧਾ ਘਾਟਾ ਕੀਤੇ ਜਾਣ ਤੋਂ ਇਨ੍ਹਾਂ ਨੂੰ ਸਦਾ ਲਈ ਸੁਰੱਖਿਅਤ ਕਰ ਦਿਤਾ।

ਪਹਿਲੇ ਗੁਰੂ ਸਾਹਿਬਾਨ ਵਲੋਂ ਆਪ ਨੂੰ ਮਿਲੀ ਬਾਣੀ ਬਾਰੇ ਆਪ ਦੇ ਕੁਝ ਕਥਨ ਦਸਦੇ ਹਨ ਕਿ ਆਪ ਦਾ ਮਨ ਉਸ ਤੋਂ ਕਿਤਨਾਂ ਪ੍ਰਭਾਵਤ ਸੀ। ਆਪ ਲਿਖਦੇ ਹਨ :

'ਪੀਊ ਦਾਦੇ ਕਾ ਖੋਲਿ ਡਿਠਾ ਖਜ਼ਾਨਾ
ਤਾਂ ਮੇਰੈ ਮਨਿ ਭਇਆ ਨਿਧਾਨਾ — ਗਉੜੀ
ਅਤੇ 'ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ'

ਫਿਰ ਇਹ ਐਸਾ ਅੰਮ੍ਰਿਤ ਹੈ ਜਿਸ ਦੇ ਚੱਖਣ ਨਾਲ ਅਤ੍ਰਿਪਤ ਮਨ ਸਦਾ ਲਈ ਤ੍ਰਿਪਤ ਹੋ ਗਿਆ ਹੈ :

'ਐਸਾ ਰਸੁ ਅੰਮ੍ਰਿਤ ਮਨਿ ਚਾਖਿਆ ਤ੍ਰਿਪਤ ਰਹੇ ਆਘਾਈ' — ਰਾਮਕਲੀ ਮ: ੫

ਅਤੇ ਇਹ ਅਜੇਹੀ ਵਸਤੂ ਹੈ ਕਿ ਇਕ ਵੇਰ ਗ੍ਰਹਿਣ ਹੋ ਜਾਵੇ ਤਾਂ ਫਿਰ

ਇਸ ਦਾ ਛੱਡਣਾ ਮੁਹਾਲ ਹੈ :

ਇਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ' ਮਹਲਾ ੫

ਗੁਰੂ ਅਰਜਨ ਰਚਨਾ

ਸਾਡੇ ਇਸ ਲੇਖ ਦਾ ਵਿਸ਼ਾ ਗੁਰੂ ਅਰਜਨ ਦੇਵ ਜੀ ਦੀ ਬਾਣੀ ਤਕ ਹੀ ਸੀਮਤ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਬਾਣੀ ਦਾ ਬੋਹਿਥਾ' ਕਿਹਾ ਜਾਂਦਾ ਹੈ। ਆਪ ਦੀ ਵਿਸ਼ਾਲ ਰਚਨਾ ਦੇ ਗੰਭੀਰ ਵਿਚਾਰ ਇਸ ਦੀ ਅਦਭੁਤ ਕਲਾਕਾਰੀ, ਇਸ ਵਿਚ ਸੁਹਜ ਭਰੇ ਚੋਣਵੇਂ ਸ਼ਬਦਾਂ ਦੀ ਗੋਂਦ ਅਤੇ ਇਨ੍ਹਾਂ ਤੋਂ ਉਪਜੇ ਸੰਗੀਤ ਨੇ ਸਮੁਚੀ ਰਚਨਾ ਨੂੰ ਅਤਿ ਰਸੀਲੀ ਤੇ ਮਿਠੀ ਅੰਮ੍ਰਿਤਧਾਰਾ ਬਣਾ ਦਿਤਾ ਹੈ। ਜਿਥੇ ਇਸ ਦੀ ਕਾਵ ਕਲਾ ਨੇ ਪੰਜਾਬੀ ਸਾਹਿੱਤ ਨੂੰ ਚਾਰ ਚੰਨ ਲਾਕੇ ਪੰਜਾਬੀ ਦੁਨੀਆਂ ਵਿਚ ਉਘਾ ਕੀਤਾ ਹੈ, ਉਥੇ ਇਸ ਦੇ ਅੰਦਰ ਬੰਦ ਵਿਚਾਰ ਧਾਰਾ ਅਤੇ ਸਾਹਿਤਕ ਰੂਪ ਦੇਣ ਹਿਤ ਇਸ ਨੂੰ ਦਿਤੀਆਂ ਰੰਗੀਨ ਛੋਹਾਂ ਨੇ ਇਸ ਨੂੰ ਸੰਸਾਰ ਭਰ ਦੇ ਸਾਹਿੱਤ ਅੰਦਰ ਵਿਸ਼ੇਸ਼ ਥਾਂ ਦਿਤੀ ਹੈ। ਭਾਵਾਂ ਦੀ ਕੋਮਲਤਾ, ਡੂੰਘਾਈ ਅਤੇ ਇਨ੍ਹਾਂ ਦੀ ਹਿਰਦੇ ਵੇਧਕ ਤੀਖਣਤਾ ਆਪ ਦੀ ਸਮੁਚੀ ਰਚਨਾ ਅੰਦਰ ਪ੍ਰਧਾਨ ਹਨ। ਵੇਖੋ ਦਖਣੀ ਭਾਸ਼ਾ ਅੰਦਰ ਆਪ ਦੇ ਉਚਾਰੇ ਸਲੋਕ :

(i) ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ
ਜੇ ਡੇਖੈ ਹਿਕ ਵਾਰ ਤ ਸੁਖ ਕੀਮਾ ਹੂ ਬਾਹਰੇ ੧੦੯੮

(ii) ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ
ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰ ੧੦੯੫

ਬਿਲਾਵਲ ਰਾਗ ਅੰਦਰ ਆਪਨੇ ਮੋਹਨ ਦੀ ਉਡੀਕ ਅੰਦਰ ਆਪਨੀ ਦਸ਼ਾ ਤੇ ਪਿਆਰੇ ਨੂੰ ਮਿਲਣ ਦਾ ਸਾਧਨ ਇਸ ਤਰ੍ਹਾਂ ਕਥਦੇ ਹਨ :

ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ
ਉਡੀਨੀ ਉਡੀਨੀ ਉਡੀਨੀ ਕਬ ਘਰਿ ਆਵੈ ਰੀ ।

ਸਰਨਿ ਸੁਹਾਗਨਿ ਚਰਨ ਸੀਸੁ ਧਰਿ

ਲਾਲਨੁ ਮੋਹਿ ਮਿਲਾਵਹੁ ਕਬ ਘਰਿ ਆਵੈ ਰੀ। ਸੁਨਹੁ ਸਹੇਰੀ ਮਿਲਨ ਬਾਤ ਕਹਉ,
ਸਗਰੋ ਅਹੰ ਮਿਟਾਵਹੁ, ਤਉ ਘਰ ਹੀ ਲਾਲਨੁ ਪਾਵਹੁ
ਤਬ ਰਸ ਮੰਗਲ ਗੁਨ ਗਾਵਹੁ, ਆਨਦ ਰੂਪ ਧਿਆਵਹੁ,
ਨਾਨਕ ਦੁਆਰੈ ਆਇਓ, ਤਉ ਮੈ ਲਾਲਨੁ ਪਾਇਓ ਰੀ।
ਮੋਹਨ ਰੂਪੁ ਦਿਖਾਵੈ, ਅਬ ਮੋਹਿ ਨੀਦ ਸੁਹਾਵੈ,
ਸਭ ਮੇਰੀ ਤਿਖਾ ਬੁਝਾਨੀ, ਅਬ ਮੈ ਸਹਜਿ ਸਮਾਨੀ।
ਮੀਠੀ ਪਿਰਹਿ ਕਹਾਨੀ, ਮੋਹਨੁ ਲਾਲਨੁ ਪਾਇਓ ਰੀ। ੮੩੦

ਇਹ ਕੋਮਲਤਾ ਆਪ ਦੇ ਪਿਆਰ ਜਜ਼ਬਿਆਂ ਵਿਚ ਹੀ ਨਹੀਂ, ਬਲਕਿ ਮਨੁਖੀ ਵਿਚਾਰ ਦੇ ਜਿਸ ਵਿਸ਼ੇ ਨੂੰ ਭੀ ਆਪ ਨੇ ਛੋਹਿਆ ਹੈ, ਭਾਵੇਂ ਇਹ ਦਰਸ਼ਨ ਵਾਦੀ ਹੈ, ਜਾਂ ਯਥਾਰਕਤਾ ਦਾ ਪ੍ਰਗਟਾਵਾ ਆਦਰਸ਼ਕ ਨੁਕਤਾ ਹੈ ਜਾਂ ਰਹਸਵਾਦੀ ਵਿਚਾਰ ਧਾਰਾ, ਆਪ ਦੇ ਕੋਮਲ ਭਾਵਾਂ ਨੇ ਇਸ ਦੇ ਅੰਦਰ ਉਹ ਰਸ ਭਰ ਦਿਤਾ ਹੈ ਕਿ ਆਪ ਦੇ ਅਤਿ ਗਹਿਰੇ ਵਿਚਾਰ ਭੀ ਪਾਠਕ ਨੂੰ ਆਪਨੇ ਨਾਲ ਵਹਾ ਲੈ ਜਾਣ ਦੀ ਸਮਰਥਾ ਰਖਦੇ ਹਨ। ਆਪ ਨੂੰ ਸਰਗੁਣ ਸਰੂਪ ਹਰੀ ਦਾ ਜੋ ਝਲਕਾਰਾ ਵਜਦਾ ਹੈ ਅਤੇ ਜਿਸ ਝਲਕਾਰੇ ਤੋਂ ਮੋਹੇ ਜਾ ਕੇ ਆਪ ਉਸ ਦੀ ਉਸਤਤ ਵਿਚ ਜੁੜ ਜਾਂਦੇ ਹਨ, ਉਸ ਦੇ ਹਥ ਵਿਚ ਆਪ ਉਹ ਕਲਮ ਵੇਖਦੇ ਹਨ ਜਿਸ ਨਾਲ ਓਹ ਸਾਰੇ ਜੀਵਾਂ ਦੇ ਲੇਖ ਲਿਖ ਲਿਖ ਉਨ੍ਹਾਂ ਨੂੰ ਸੰਸਾਰ ਤੇ ਭੇਜਦਾ ਹੈ ਅਤੇ ਫਿਰ ਉਨ੍ਹਾਂ ਦੇ ਵਿਚ ਮਿਲਿਆ ਹੋਇਆ ਹਰ ਇਕ ਦੇ ਅੰਦਰ ਸਮਾ ਰਿਹਾ ਹੈ।

'ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ
ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ
ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ
ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ

੧੬੬੧

ਜਿਸ ਤਰ੍ਹਾਂ ਘਰ ਘਰ ਅੱਲਖ ਗਜਾਉਣ ਵਾਲਾਂ ਜੋਗੀ ਇਕ ਥਾਂ ਤੇ ਟਿਕ ਕੇ ਨਹੀਂ ਬੈਠਦਾ, ਇਹ ਜੀਵ ਆਤਮਾ ਭੀ ਕਈ ਪਰਕਾਰ ਦੇ ਸਰੀਰਾਂ ਵਿਚ ਫਿਰਦਾ ਫਿਰਾਂਦਾ ਮਨੁਖੀ ਸਰੀਰ ਰੂਪੀ ਘਰ ਵਿਚ ਆਇਆ ਹੈ। ਕਿਉਂ ਕਿ ਇਸ ਦਾ ਜੋਗੀ ਸੁਭਾ ਹੈ, ਇਥੇ ਭੀ ਇਸ ਨੇ ਟਿਕ ਕੇ ਨਹੀਂ ਬੈਠਣਾ।

ਪ੍ਰੰਤੂ ਇਸ ਜੋਗੀ ਆਤਮਾ ਦੇ ਗੁਣ, ਸੁੰਦਰਤਾ ਤੇ ਸਮਰਥਾ ਵੇਖ ਇਹ ਸ ਰੀਰ ਚਾਹੁੰਦਾ ਹੈ ਕਿ ਇਹ ਜੋਗੀ (ਜੀਵ ਆਤਮਾ) ਇਸੇ ਘਰ ਵਿਚ ਟਿਕ ਕੇ ਬੈਠਾ ਰਹੇ, ਕਿਉਂਕਿ ਇਸ ਦੀ ਸਾਰੀ ਸੋਭਾ ਜੀਵ ਆਤਮਾ ਦੇ ਇਸ ਵਿਚ ਟਿਕ ਬਹਿਣ ਵਿਚ ਹੀ ਹੈ। ਇਸ ਖਿਆਲ ਨੂੰ ਗੁਰੂ ਜੀ ਇਸਤਰੀ ਤੇ ਉਸ ਦੇ ਪ੍ਰਾਣ ਪਿਆਰੇ ਪਤੀ ਦੇ ਅਲੰਕਾਰ ਵਿਚ ਪਾ ਕੇ ਇਤਨਾ ਸੁੰਦਰ ਬਿਆਨ ਕਰਦੇ ਹਨ ਕਿ ਆਪ ਦਾ ਇਕ ਇਕ ਸ਼ਬਦ ਸਾਡੇ ਸਾਮ੍ਹਣੇ ਨਿਤਾਪ੍ਰਤ ਵਾਪਰਦੀ ਖੇਡ ਦਾ ਸਹੀਈ ਚਿੱਤਰ ਦਿਸ ਆਉਂਦਾ ਹੈ ਅਤੇ ਆਪ ਦੀ ਦਸੀ ਇਕ ਇਕ ਸਤਰ ਸਾਡੇ ਜੀਵਨ ਦੀ ਯਥਾਰਥ ਝਾਕੀ ਪਰਤੀਤ ਹੁੰਦੀ ਹੈ। ਆਪ ਦੇ ਭਾਵਾਂ ਦੀ ਕੋਮਲਤਾ ਇਤਨੀ ਪ੍ਰਭਾਵ ਸ਼ਾਲੀ ਤੇ ਦ੍ਰਿੜਤਾ ਭਰੀ ਹੈ ਅਤੇ ਅਜੇਹੀਆ ਝਰਨਾਟਾਂ ਛੇੜਦੀ ਹੈ ਕਿ ਇਹ ਸਤਰਾਂ ਪੜ੍ਹਨ ਉਪ੍ਰੰਤ ਕਿਤਨਾ ਕਾਲ ਮਨ ਇਸ ਅਸਚਰਜ ਚਿੱਤਰ ਨੂੰ ਅਖੋਂ ਉਹਲੇ ਨਹੀਂ ਕਰ ਸਕਦਾ।

'ਸੰਗੀ ਜੋਗੀ ਨਾਰਿ ਲਪਟਾਣੀ—ਉਰਝਿ ਰਹੀ ਰੰਗ ਰਸ ਮਾਣੀ
ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ।
ਜੋ ਪਿਰੁ ਕਰੈ ਸੁ ਧਨ ਤਤੁ ਮਾਨੈ—ਪਿਰ ਧਨਹਿ ਸੀਗਾਰਿ ਰਖੈ ਸੰਗਾਨੈ
ਮਿਲਿ ਏਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ।
ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ—ਜੋ ਪਾਵੈ ਸੋ ਆਣਿ ਦਿਖਾਵੈ
ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ।
ਧਨ ਕਰੈ ਬਿਨਉ ਦੋਊ ਕਰ ਜੋਰੈ—ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ
ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ।

ਸਗਲੇ ਕਰਮ ਧਰਮ ਜੁਗ ਸਾਧਾ-ਬਿਨ ਹਰਿ ਰਸ ਸੁਖ ਤਿਲੁ ਨਹੀਂ ਲਾਧਾ
ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ ।
ਧਨ ਅੰਧੀ ਪਿਰੁ ਚਪਲ ਸਿਆਨਾ—ਪੰਚ ਤਤੁ ਕਾ ਰੰਚਨ ਰਚਾਨਾ
ਜਿਸ ਵਖਰ ਕਉ ਆਏ ਹਹੁ ਸੋ ਪਾਇਓ ਸਤਿਗੁਰ ਪਾਸਾ ਹੇ
ਧਨ ਕਹੇ ਤੂ ਵਸੁ ਮੈ ਨਾਲੇ—ਪ੍ਰਿਅ ਸੁਖਵਾਸੀ ਬਾਲ ਗੋਪਾਲੇ ।
ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ ।
ਪਿਰਿ ਕਹਿਆ ਹਉ ਹੁਕਮੀ ਬੰਦਾ—ਉਹ ਭਾਰੋ ਠਾਕੁਰ ਜਿਸੁ ਕਾਣਿ ਨ ਛੰਦਾ
ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ ।
ਜਉ ਪ੍ਰਿਅ ਬਚਨ ਕਹੇ ਧਨ ਸਾਚੇ—ਧਨ ਕਛੂ ਨਾ ਸਮਝੈ ਚੰਚਲਿ ਕਾਚੇ
ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ ।
ਆਈ ਆਗਿਆ ਪਿਰਹੁ ਬੁਲਾਇਆ—ਨਾ ਧਨ ਪੁਛੀ ਨ ਮਤਾ ਪਕਾਇਆ
ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ—੧੦੭੨

ਮਨ ਦੇ ਇਤਨੇ ਗਹਿਰੇ ਭਾਵ ਆਪ ਨੂੰ ਆਪਣੀ ਵੀਚਾਰ ਧਾਰਾ ਤੋਂ ਕਦੀ ਭੀ ਨਹੀਂ ਉਖੇੜਦੇ ਅਤੇ ਭਾਵ ਚਿੱਤਰ ਦੀ ਦਿਲਕਸ਼ ਰੰਗੀਨਤਾ ਦੇ ਥੱਲੇ ਇਹ ਵਿਚਾਰ ਧਾਰਾ ਆਪਣੇ ਨਿਸ਼ਾਨੇ ਵੱਲ ਤੁਰਦੀ ਜਾ ਰਹੀ ਹੈ । ਇਹ ਵਿਚਾਰ ਇਥੋਂ ਅਰੰਭ ਹੁੰਦੀ ਹੈ ਕਿ ਕਰਮਾਂ ਦੀ ਕਿਰਤ ਨੇ ਦੇਹ ਅਤੇ ਜੀਵਾਤਮਾ ਦਾ ਸੰਜੋਗ ਜੋੜਿਆ ਹੈ ਜਿਸ ਕਰਕੇ ਇਹ ਇਕਠੇ ਹੋਏ ਅਤੇ ਭੋਗ ਬਿਲਾਸ ਵਿਚ ਲਗੇ ਹਨ । ਦੇਹ ਰੂਪੀ ਇਸਤ੍ਰੀ ਅਪਨੇ ਪ੍ਰਾਣ ਪਤੀ ਆਤਮਾਂ ਦੀ ਆਗਿਆ ਅਧੀਨ ਹੈ ਪ੍ਰੰਤੂ ਪਤੀ ਆਤਮਾ ਦੇਹ ਦੇ ਸਿੰਗਾਰਨ ਦੇ ਆਹਰ ਵਿਚ ਲਗਾ ਉਸ ਦੀਆਂ ਸਾਰੀਆਂ ਇਛਾਂ ਪੂਰੀਆਂ ਕਰਦਾ ਅਤੇ ਉਸ ਨੂੰ ਹਰ ਤਰਾਂ ਦਿਲਾਸੇ ਦੇਂਦਾ ਹੈ ਅਤੇ ਭਾਂਤ ਭਾਂਤ ਦੇ ਪਦਾਰਥਾਂ ਨਾਲ ਉਸ ਦੀ ਨਿਸ਼ਾ ਕਰਣ ਦੇ ਜਤਨਕਰਦਾ ਹੈ ਪਰ ਉਸ ਦੀ ਤ੍ਰਿਪਤੀ ਕਿਸੇ ਤਰਾਂ ਭੀ ਨਹੀਂ ਹੁੰਦੀ ਅਤੇ ਉਹ ਵਾਰ ੨ ਪਤੀ ਨੂੰ ਆਪਨੇ ਸੁਖਾਂ ਦੇ ਸਾਧਨਾਂ ਵਿਚ ਉਲਝਾਈ ਰਖਣ ਅਤੇ ਸਦੀਵ ਕਾਲ ਉਸ ਨਾਲ ਜੁੜੇ ਰਹਿਣ ਦੀ ਚਿਤਾਉਣੀ ਦੇਂਦੀ ਰਹਿੰਦੀ ਹੈ ਇਸ ਜੀਵਤਮਾ ਦੇ ਸਾਰੇ ਕਰਮ ਧਰਮ ਭੀ ਸਰੀਰ ਪਰਾਇਨ ਹੀ ਹੋ ਗਏ ਹਨ ਅਤੇ ਹਰੀ ਰਸ ਜਿਸ ਨੇ ਇਸ ਨੂੰ ਆਤਮਕ ਅਨੰਦ ਦੇਣਾ ਸੀ,

ਉਸ ਨੂੰ ਇਹ ਭੁੱਲ ਹੀ ਬੈਠਾ ਹੈ । ਜੇ ਕਰ ਇਹ ਉਸ ਰਸ ਦੀ ਪ੍ਰਾਪਤੀ ਲਈ ਸਤਿਗੁਰੂ ਦੀ ਸਰਣ ਪਕੜਦਾ ਤਾਂ ਇਸ ਨੂੰ ਉਹ ਰਸ ਮਿਲ ਜਾਂਦਾ ਜਿਸ ਨਾਲ ਸਰੀਰ ਤੇ ਆਤਮਾਂ ਦੋਨੋ ਹੀ ਸੁਖੀ ਹੋ ਜਾਂਦੇ ਅਤੇ ਇਸ ਨੂੰ ਸਤਿਗੁਰੂ ਪਾਸੋਂ ਦੇਹ ਤੇ ਆਤਮਾ ਦੇ ਸੰਜੋਗ ਦਾ ਪੂਰਾ ਗਿਆਨ ਹੋ ਜਾਂਦਾ ਕਿ ਇਹ ਸੰਜੋਗ ਤਾਂ ਕਰਤਾ ਪੁਰਖ ਦੇ ਅਟੱਲ ਹੁਕਮਾਂ ਅੰਦਰ ਹੋਇਆ ਹੈ ਅਤੇ ਕੇਵਲ ਉਤਨਾਂ ਸਮਾਂ ਹੀ ਰਹਿ ਸਕਦਾ ਹੈ ਜਿਤਨਾ ਚਿਰ ਉਸਦਾ ਹੁਕਮ ਹੈ ਇਸ ਲਈ ਅਸਲ ਸੁਖ ਉਸ ਦਾ ਹੁਕਮੀ ਬੰਦਾਂ ਬਣ ਕੇ ਰਹਿਣ ਵਿਚ ਹੈ । ਸੁਚੇਤ ਆਤਮਾਂ ਪ੍ਰਭੂ ਦੇ ਅਟੱਲ ਹੁਕਮਾਂ ਦੀ ਸੂਝ ਰਖਦਾ ਹੋਇਆ ਭੀ ਦੇਹ ਰੂਪੀ ਇਸਤਰੀ ਦਾ ਨਿਸਚਾ ਇਸ ਗੱਲ ਤੇ ਨਹੀਂ ਬਨ੍ਹਾ ਸਕਦਾ ਅਤੇ ਇਹ ਦੋਨੋ ਹੀ ਆਪਸ ਵਿਚ ਦੇ ਮੋਹ ਅੰਦਰ ਜਕੜੇ ਹੋਏ ਅਸਲੀਅਤ ਨੂੰ ਭੁੱਲ ਜਾਂਦੇ ਹਨ । ਜਿਸ ਦੀ ਸਹੀਈ ਤੌਰ ਅਨੁਭਵਤਾ ਓਦੋਂ ਹੀ ਹੁੰਦੀ ਹੈ, ਜਦੋਂ ਸਮਾਂ ਪੁਜ ਜਾਂਦਾ ਹੈ ਅਤੇ ਜੋਗੀ ਆਤਮਾ ਅਲਖ ਗਜਾਉਂਦਾ ਤੁਰਦਾ ਬਣਦਾ ਹੈ । ਇਤਨੀ ਡੂੰਘੀ ਵਿਚਾਰ ਨੂੰ ਕਲਾ ਕਰਤਾ ਜੀ ਦੇ ਕੋਮਲ ਭਾਵਾਂ ਤੇ ਕਾਵਯ ਢੰਗ ਨੇ ਕਿਤਨਾ ਰਸਦਾਇਕ ਤੇ ਪ੍ਰਭਾਵ ਪੂਰਤ ਕਰ ਦਿਤਾ ਹੈ। ਇਸਤਰੀ ਭਰਤੇਦੇ ਅਲੰਕਾਰ ਵਿਚ ਕਰਤਾ ਪੁਰਖ ਦੇ ਹੁਕਮ ਦੀ ਅਟੱਲਤਾ ਅਤੇ ਆਤਮਾ ਦੀ ਸੂਖਮਤਾ ਨੂੰ ਐਸਾ ਦ੍ਰਿਸਟਾਇਆ ਹੈ ਕਿ ਪਾਠਕ ਆਪਣੇ ਸਾਮ੍ਹਣੇ ਇਨਸਾਨੀ ਰੂਹ ਅਤੇ ਜਿਸਮ ਦਾ ਨਾਟਕ ਰਚਿਆ ਪ੍ਰਤੀਤ ਕਰਦਾ ਹੈ। ਇਸ ਵਿਚਾਰ ਨੂੰ ਸ੍ਰੀ ਰਾਗ ਦੇ ਇਕ ਸ਼ਬਦ ਵਿਚ ਆਪ ਇਸ ਤਰਾਂ ਕਥਦੇ ਹਨ ।

'ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲ
ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ' ੪੦

ਅਜੇਹੇ ਨਾਟ ਦਾ ਇਕ ਹੋਰ ਅਤਿ ਸੁੰਦਰ ਚਿੱਤਰ ਆਪਦੇ ਉਸ ਸ਼ਬਦ ਅੰਦਰ ਖਿਚਿਆ ਹੈ ਜਿਥੇ ਆਪ ਮਨੁਖੀ ਅਤਮਾ ਨੂੰ ਗੋਸਾਈਂ ਜੀ ਦਾ ਪਹਿਲਵਾਨ ਮਿਥ ਕੇ ਸੰਸਾਰ ਰੂਪੀ ਛਿੰਝ ਅੰਦਰ ਲਿਆ ਖੜਾ ਕਰਦੇ

ਹਨ। ਇਸ ਪਹਿਲਵਾਨ ਦਾ ਮੁਕਾਬਲਾ ਕਾਮ ਆਦਿਕ ਪੰਜ ਵਡੇ ਸੂਰਮਿਆਂ ਨਾਲ ਹੈ ਪ੍ਰੰਤੂ ਗੁਰੂ ਨੇ ਇਸ ਨੂੰ ਥਾਪੀ ਦੇ ਕੇ ਇਸ ਕਦਰ ਵਡਿਆ ਦਿਤਾ ਹੈ ਕਿ ਇਹ ਪਹਿਲਵਾਨ ਪੰਜਾਂ ਹੀ ਜਵਾਨਾਂ ਨੂੰ ਬੰਨ੍ਹ ਲਿਆਉਂਦਾ ਹੈ, ਹੁਣ ਇਸ ਦਾ ਮੁਕਾਬਲਾ ਕਰਣ ਵਾਲਾ ਕੋਈ ਸੂਰਮਾਂ ਨਹੀਂ ਇਸ ਦਾ ਸੁਭਾਵਕ ਸਿੱਟਾ ਇਹ ਹੁੰਦਾ ਹੈ ਕਿ ਇਸ ਨੂੰ ਦੁਨੀਆਂ ਦੀ ਇਸ ਛਿੰਝ ਅੰਦਰ ਮੁੜ ਕਦੀ ਵੀ ਜ਼ੋਰ ਮਾਰਨ ਦੀ ਲੋੜ ਨਹੀ ਪੈਂਦੀ ঃ

'ਹਉ ਗੋਸਾਈ ਦਾ ਪਹਿਲਵਾਨੜਾ, ਮੈਂ ਗੁਰ ਮਿਲਿ ਉਚ ਦੁਮਾਲੜਾ
ਨਿਹਤੇ ਪੰਜਿ ਜੁਆਨ ਮੈਂ ਗੁਰ ਥਾਪੀ ਦਿਤੀ ਕੰਡਿ ਜੀਉ।
ਹਉ ਬਾਹੁੜ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ।
੩੧

ਇਨਸਾਨੀ ਇਖਲਾਕ ਦੀ ਆਪਨੇ ਵਿਰੋਧੀ ਸ਼ਕਤੀਆਂ ਉਤੇ ਕਿਤਨੀ ਵਡੀ ਜਿੱਤ ਹੈ। ਇਹ ਉਚੇ ਇਖਲਾਕ--'ਸਚ ਆਚਾਰ' ਦੀ ਮਹਾਨ ਵਡਿਆਈ ਹੈ ਕਿ ਜਿੱਤ ਪ੍ਰਾਪਤ ਹੋ ਜਾਣ ਉਪ੍ਰੰਤ ਐਸੇ 'ਸਚ ਆਚਾਰ' ਵਾਲੀ ਆਤਮਾਂ ਨੂੰ ਮੁੜਕੇ ਸੰਸਾਰ ਰੂਪੀ ਛਿੰਝ ਅੰਦਰ ਨੱਚਣ ਦੀ ਲੋੜ ਨਹੀਂ ਰਹਿੰਦੀ। ਕਿਤਨਾ ਉਚਾ ਖਿਆਲ ਕਿਸ ਕਮਾਲੀਅਤ ਨਾਲ ਚਿਤਰਿਆ ਹੈ । ਆਪ ਦਾ ਕਥਨ ਢੰਗ, ਇਸ ਲਈ ਕੀਤੀ ਸ਼ਬਦ ਚੋਣ ਅਤੇ ਇਨਾਂ ਦੀ ਗੋਂਦ ਅਸਚਰਜ ਕਲਾ ਦੇ ਲਖਾਇਕ ਹਨ । ਇਸੇ ਖਿਆਲ ਨੂੰ ਇਕ ਹੋਰ ਅਲੰਕਾਰ ਵਿਚ ਪਾ ਕੇ ਆਪ ਇਉਂ ਦਸਦੇ ਹਨ ।

'ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ
ਹਉ ਆਇਆ ਸਾਮੇ ਤਿਹਿੰਡੀਆ, ਪੰਜਿ ਕਿਰਸਾਣ ਮੁਜੇਰੇ ਮਿਹਡਿਆ
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ੧੩

ਨੂਲਝ ਹੋਈ ਬਲਵਾਨ ਆਤਮਾ ਹੀ ਸਰੀਰ ਰੂਪੀ ਪਿੰਡ ਵਿਚ ਰਉਲਾ

ਪਾਉਣ ਤੇ ਲੁਟ ਖਸੁਟ ਮਚਾਉਣ ਵਾਲੇ ਕਾਮ ਕ੍ਰੋਧ ਆਦੀ ਫਸਾਦੀਆਂ ਨੂੰ ਕਾਬੂ ਵਿਚ ਰਖਕੇ ਸ਼ਰਾਰਤਾਂ ਕਰਨੋਂ ਰੋਕ ਸਕਦੀ ਹੈ। ਮਨੁਖੀ ਜੀਵਨ ਅੰਦਰ ਇਖਲਾਕੀ ਘੋਲ ਜੋ ਇਕ ਸੂਝਵਾਨ ਆਤਮਾਂ ਨੂੰ ਬੁਰਿਆਈਆਂ ਦੇ ਉਲਟ ਕਰਨਾ ਪੈਂਦਾ ਹੈ, ਦੇ ਸੰਬੰਧ ਵਿਚ ਗੁਰੂ ਜੀ ਦੇ ਏਹ ਕਥਨ ਕਿਤਨੇ ਯਥਾਰਥ ਤੇ ਦਰੁਸਤ ਹਨ। ਅਗਰ ਆਪ ਦੀ ਬਾਣੀ ਨੂੰ ਗਹੁ ਨਾਲ ਵੀਚਾਰੀਏ ਤਾਂ ਇਸ ਦੀ ਹਰ ਸਤਰ ਵਿਚੋਂ ਯਥਾਰਕਤਾ ਝਾਤੀਆਂ ਮਾਰਦੀ ਹੈ। ਆਪ ਦੇ ਕਥਨਾਂ ਨੂੰ ਦੁਨੀਆਵੀ ਵਰਤਨ ਵਿਚਾਰ ਦੇ ਤਰਾਜੂ ਉਤੇ ਤੋਲਣ ਤੋਂ ਹਰ ਕਥਨ ਕਿਸੇ ਅਜੇਹੀ ਸਚਾਈ ਦਾ ਪਰਗਟਾਅ ਦਿਸਦਾ ਹੈ ਜੋ ਮਨੁਖੀ ਜੀਵਨ ਦੇ ਕਿਸੇ ਨ ਕਿਸੇ ਪਹਿਲੂ ਨੂੰ ਠਕੋਰ ਰਿਹਾ ਹੁੰਦਾ ਹੈ।

ਆਪ ਨੇ ਆਪਣੀ ਅਧਿਆਤਮਕ ਖੋਜ ਦੇ ਸਿਟਿਆਂ ਨੂੰ ਬੜੇ ਸਪਸ਼ਟ, ਨਿਸਰੇ ਜਨਕ ਅਤੇ ਪ੍ਰਭਾਵ ਸ਼ਾਲੀ ਤਰੀਕੇ ਨਾਲ ਬਿਆਨ ਕੀਤਾ ਹੈ ਤਾਂ ਕਿ ਪੜ੍ਹਨ ਸੁਨਣ ਵਾਲੇ ਦੇ ਦਿਲ ਅੰਦਰ ਇਨਾ ਸਚਾਈਆਂ ਬਾਰੇ ਕਿਸੇ ਸ਼ੱਕ ਦੀ ਗੁੰਜਾਇਸ਼ ਹੀ ਨ ਰਹੇ। ਆਪ ਕਰਤਾ ਪੁਰਖ ਦੇ ਗੁਣ ਅਤੇ ਉਸ ਦੀ ਕਰਣੀ ਨੂੰ ਕਿਤਨੀ ਦ੍ਰਿੜਤਾ ਨਾਲ ਕਥਦੇ ਹਨ।

'ਸਚੁ ਸਚੁ ਸਚੁ ਸਭੁ ਕੀਨਾ—ਕੋਟਿ ਮਧੇ ਕਿਨੈ ਬਿਰਲੈ ਚੀਨਾ
ਭਲਾ ਭਲਾ ਭਲਾ ਤੇਰਾ ਰੂਪ—ਅਤਿ ਸੁੰਦਰ ਅਪਾਰ ਅਨੂਪ
ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ—ਘਟਿ ਘਟਿ ਸੁਣੀ ਸ੍ਰਵਨ ਬਖਾਣੀ
ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ—ਨਾਮ ਜਪੈ ਨਾਨਕ ਮਨਿ ਪ੍ਰੀਤਿ' ੨੭੯

ਆਪ ਦੀਆਂ ਖੋਜੀਆਂ ਸਚਾਈਆਂ ਆਪ ਦੇ ਅੰਦਰੋਂ ਅਨਭਵ ਦੇ ਰੂਪ ਵਿਚ ਹੜੇ ਦਰਿਆ ਦੇ ਵਹਿਣ ਵਾਂਙੂ ਵਹਿ ਤੁਰਦੀਆਂ ਹਨ, ਜਿਸ ਤੋਂ ਇਨਾ ਬਾਰੇ ਆਪ ਦੀ ਦ੍ਰਿੜਤਾ ਤੇ ਵਿਸ਼ਵਾਸ਼ ਪਰਗਟ ਹੈ। ਆਪ ਨੂੰ ਨਿਸਚਾ ਹੋ ਗਿਆ ਹੈ ਕਿ ਹਰਿ ਸਿਮਰਨ ਇਤਨਾ ਭਾਵ ਪੂਰਤ ਹੈ ਕਿ ਹਰ ਥਾਂ

ਸਹਾਈ ਹੁੰਦਾ ਹੈ। ਉਹ ਕਿਸ ਤਰ੍ਹਾਂ ਸਹਾਇਤਾ ਕਰਦਾ ਹੈ ਇਹ ਆਪ ਦੇ ਅਨਭਵ ਤੋਂ ਉਛਾਲੇ ਵਾਂਗ ਵਹਿ ਨਿਕਲਦਾ ਹੈ ।

'ਐਸੋ ਸਹਾਈ ਹਰਿ ਕੋ ਨਾਮ—ਸਾਧ ਸੰਗਤਿ ਭਜੁ ਪੂਰਨ ਕਾਮ ।
ਬੂਡਤ ਕਉ ਜੈਸੇ ਬੇੜੀ ਮਿਲਤ—ਬੂਝਤ ਦੀਪਕ ਮਿਲਤ ਤਿਲਤ
ਜਲਤ ਅਗਨੀ ਮਿਲਤ ਨੀਰ—ਜੈਸੇ ਬਾਰਿਕ ਮੁਖਹਿ ਖੀਰ
ਜੈਸੇ ਰਣ ਮਹਿ ਸਖਾ ਭ੍ਰਾਤ—ਜੈਸੇ ਭੂਖੇ ਭੋਜਨ ਮਾਤ
ਜੈਸੇ ਕਿਰਖਹਿ ਬਰਸ ਮੇਘ—ਜੈਸੇ ਪਾਲਨ ਸਰਨਿ ਸੇਂਘ
ਗਰੜ ਮੁਖਿ ਨਹੀਂ ਸਰਪ ਤ੍ਰਾਸ—ਸੂਆ ਪਿੰਜਰਿ ਨਹੀਂ ਖਾਇ ਬਿਲਾਸੁ
ਜੈਸੋ ਆਂਡੋ ਹਿਰਦੇ ਮਾਹਿ—ਜੈਸੋ ਦਾਨੋ ਚਕੀ ਦਰਾਹਿ
ਬਹੁਤ ਓਪਮਾ ਥੋਰ ਕਹੀ—ਹਰਿ ਅਗਮ ਅਗਮ ਅਗਾਧਿ ਤੁਹੀ
'ਊਚ ਮੂਚੌ ਬਹੁ ਅਪਾਰ—ਸਿਮਰਤ ਨਾਨਕ ਤਰੇ ਸਾਰ' ੯੮੬

ਅਜੇਹੇ ਰਹਸਵਾਦੀ ਅਨਭਵ ਦੀਆਂ ਮਿਸਾਲਾਂ ਆਪ ਦੀ ਰਚਨਾਂ ਅੰਦਰ ਥਾਂ ਪਰ ਥਾਂ ਮਿਲਦੀਆਂ ਹਨ। ਜਿਸ ਵੀਚਾਰ ਨੂੰ ਭੀ ਆਪ ਨੇ ਲਿਆ ਹੈ ਐਉਂ ਭਾਸਦਾ ਹੈ ਜਿਵੇਂ ਆਪ ਦੇ ਅੰਤਰ ਆਤਮੇ ਉਸ ਬਾਰੇ ਇਕ ਲਹਿਰ ਉਠ ਖੜੀ ਹੋਈ ਹੈ। ਆਪ ਦੀ 'ਸੁਖਮਨੀ' ਅਜੇਹੇ ਅਨਭਵਾਂ ਦਾ ਇਕ ਬੇਬਹਾ ਭੰਡਾਰ ਹੈ। ਇਹ ਮਾਲਾ ਵਿਚ ਪਰੋਤੇ ਮਣਕਿਆ ਦੀ ਨਿਆਈਂ ਇਕ ਲੰਮੀ ਵਿਚਾਰ ਧਾਰਾ ਦੇ ਅਡ ਅਡ ਵਿਸ਼ਿਆਂ ਦਾ ਤਰਤੀਬਿਆ ਹੋਇਆ ਸੰਗਠਨ ਹੈ ਜਿਸ ਦਾ ਹਰ ਵਿਚਾਰ ਆਪਨੇ ਆਪ ਅੰਦਰ ਇਕ ਵਖਰੀ ਵਿਚਾਰ ਧਾਰਾ ਦਾ ਰੂਪ ਰਖਦਾ ਹੈ, ਜੋ ਆਪ ਦੀ ਰਚਨਾ ਤੋਂ ਐਉਂ ਉਚਾਰੀ ਜਾ ਰਹੀ ਹੈ ਜਿਵੇਂ ਕਿ ਆਪ ਦੇ ਅੰਤਰ ਆਤਮੇ ਉਸ ਵਿਸ਼ੇ ਤੇ ਵਿਚਾਰ ਹਵਾ ਚਲ ਪਈ ਹੁੰਦੀ ਹੈ। ਮਿਸਾਲ ਦੇ ਤੌਰ ਆਪ ਨੂੰ ਸਿਮਰਨ ਦੀ ਵਡਿਆਈ ਦਾ ਧਿਆਨ ਆਇਆ ਹੈ ਤਾਂ ਤਿੰਨ ਅਸ਼ਟਪਦੀਆਂ ਸਿਮਰਨ ਦੇ ਪਰਭਾਵ ਤੇ ਹੀ ਲਿਖੀਆਂ ਗਈਆਂ ਹਨ। ਛੇਵੀਂ

ਅਸ਼ਟਪਦੀ ਅੰਦਰ ਪ੍ਰਭੂ ਦੀਆਂ ਬਖਸ਼ਸ਼ਾ ਦਾ ਧਿਆਨ, ਦਸਵੀਂ ਅੰਦਰ ਉਸ ਦੀ ਬੇਅੰਤ ਰਚਨਾ ਦਾ ਜ਼ਿਕਰ ਅਤੇ ਇਕੀਵੀਂ ਅੰਦਰ ਪ੍ਰਭੂ ਦੇ ਨਿਰਗੁਨ ਅਤੇ ਸਰਗੁਨ ਸਰੂਪ ਦਾ ਵਿਚਾਰ ਇਸ ਤਰ੍ਹਾਂ ਚਲਦੇ ਦਿਸਦੇ ਹਨ ਜਿਵੇਂ ਦੀਪ ਮਾਲਾ ਦੀ ਰਾਤ ਡਲ੍ਹਕਦੇ ਤੇ ਲਹਿਰਦੇ ਸਰੋਵਰ ਅੰਦਰ ਬਿਜਲੀ ਦੇ ਬਲਬਾਂ ਦੀਆਂ ਲੜੀਆਂ।

ਆਪ ਦਾ ਕਰਤਾ ਪੁਰਖ ਦਾ ਗਿਆਨ ਭੀ ਅਨੁਭਵੀ ਹੈ। ਇਹ ਬੁਧੀ ਜਾਂ ਵਿਦਵਤਾ ਦਾ ਗਿਆਨ ਨਹੀਂ ਜਿਸ ਨੂੰ ਪਦਾਰਥਕ ਗਿਆਨ ਦੀ ਤਰ੍ਹਾਂ ਸਮਝਿਆ ਜਾ ਸਕੇ, ਬਲਕਿ ਇਹ ਅੰਤਰ ਆਤਮੇ ਅਨੁਭਵਤਾ ਹੈ। ਆਪ ਪ੍ਰਭੂ ਦੀ ਸਤਤਾ ਨੂੰ ਆਪਣੇ ਸਥੂਲ ਇੰਦ੍ਰਿਆ ਦੁਆਰੇ ਨਹੀਂ ਤਕਦੇ।

> 'ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ
> ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ' ੧੦੯੯

ਆਪ ਉਸ ਸਤਤਾ ਨੂੰ ਹਰ ਥਾਂ ਰਮਿਆ ਤਕਦੇ ਹਨ ਪਰ ਇਸ ਤਕਨੀ ਦੀਆਂ ਅਖਾਂ ਆਪ ਦੇ ਅਨੁਭਵ ਅੰਦਰ ਹਨ।

> 'ਸੋ ਅੰਤਰਿ ਸੋ ਬਾਹਰਿ ਅਨੰਤ – ਘਟਿ ਘਟਿ ਬਿਆਪਿ ਰਹਿਆ ਭਗਵੰਤ
> ਧਰਨਿ ਮਾਹਿ ਆਕਾਸ ਪਇਆਲ—ਸਰਬ ਲੋਕ ਪੂਰਨ ਪ੍ਰਤਿਪਾਲ
> ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ–ਜੈਸੀ ਆਗਿਆ ਤੈਸਾ ਕਰਮੁ
> ਪਉਣ ਪਾਣੀ ਬੈਸੰਤਰ ਮਾਹਿ—ਚਾਰਿ ਕੁੰਟ ਦਹਦਿਸੇ ਸਮਾਹਿ
> ਤਿਸ ਤੇ ਭਿੰਨ ਨਹੀ ਕੋ ਠਾਉ– ਗੁਰ ਪ੍ਰਸਾਦਿ ਨਾਨਕ ਸੁਖ ਪਾਉ
> ੨੮੫

ਆਪ ਦਾ ਅਨੁਭਵ ਇਸ ਸ੍ਰਿਸ਼ਟੀ ਦੇ ਸਾਧਾਰਨ ਦਰਿਸ਼ ਤੋਂ ਉਪਰ ਉਠ ਆਤਮਾ ਨੂੰ ਕਈ ਪਰਕਾਰ ਦੇ ਜੀਵ ਜੰਤੂਆਂ, ਕੀੜਿਆਂ ਪਤੰਗਿਆ, ਰੁਖਾਂ ਬਿਰਖਾਂ ਪਹਾੜਾਂ ਅਤੇ ਚਿਟਾਨਾਂ ਵਿਚ ਦੀ ਹੁੰਦੀ ਲੰਮਾ ਕਾਲ

ਇਨ੍ਹਾਂ ਸਰੀਰਾਂ ਅੰਦਰ ਘੁਮਦੀ, ਅਖੀਰ ਮਨੁਖ ਰੂਪ ਵਿਚ ਆਈ ਤਕਦੀ ਹੈ। ਆਤਮਾ ਦੀ ਇਸ ਲੰਮੀ ਕਹਾਣੀ ਨੂੰ ਆਪ ਦੀ ਅਨੁਭਵੀ ਅਖ ਇਕ ਨਜ਼ਰ ਐਉਂ ਵੇਖਦੀ ਹੈ, ਜਿਵੇਂ ਸਿਖਰੇ ਪੁਜਿਆ ਪੁੰਨਿਆਂ ਦਾ ਚੰਦ ਆਪਨੇ ਹੇਠਲੀ ਧਰਤੀ ਦੇ ਸਾਰੇ ਦ੍ਰਿਸ਼ਾਂ ਨੂੰ ਇਕ ਝਾਤ ਵੇਖ ਲੈਂਦਾ ਹੈ। ਇਉਂ ਤਕੇ ਆਤਮਾਂ ਦੇ ਲੰਬੇ ਪੈਂਡੇ ਨੂੰ ਆਪ ਇਉਂ ਬਿਆਨ ਕਰਦੇ ਹਨ :

'ਕਈ ਜਨਮ ਭਏ ਕੀਟ ਪਤੰਗਾ—ਕਈ ਜਨਮ ਗਜ ਮੀਨ ਕੁਰੰਗਾ
ਕਈ ਜਨਮ ਪੰਖੀ ਸਰਪ ਹੋਇਓ—ਕਈ ਜਨਮ ਹੈਵਰ ਬ੍ਰਿਖ ਜੋਇਓ
ਮਿਲ ਜਗਦੀਸ ਮਿਲਨ ਕੀ ਬਰੀਆ—ਚਿਰੰਕਾਲ ਇਹ ਦੇਹ ਸੰਜਰੀਆ
ਕਈ ਜਨਮ ਸੈਲ ਗਿਰਿ ਕਰਿਆ—ਕਈ ਜਨਮ ਗਰਭ ਹਿਰਿ ਖਰਿਆ
ਕਈ ਜਨਮ ਸਾਖ ਕਰਿ ਉਪਾਇਆ—ਲਖ ਚਉਰਾਸੀਹ ਜੋਨਿ ਭ੍ਰਮਾਇਆ'
੧੭੬

ਆਤਮਾ ਦੇ ਇਸ ਪ੍ਰਕਾਰ ਜਨਮਾਂ ਜਨਮਾਂ ਵਿਚ ਘੁਮਦੇ ਰਹਿਣ ਨੂੰ ਆਪ ਕੀਤੇ ਕਰਮਾਂ ਤੋਂ ਬਣ ਗਏ ਸੁਭਾਉ ਅਤੇ ਕਿਰਤ ਤੋਂ ਦਸਦੇ ਹਨ। ਆਤਮਾ ਦੀ ਅਜੇਹੀ ਕਿਰਤ ਦੇ ਕਾਰਨ ਇਸ ਦਾ ਪ੍ਰਭੂ ਤੋਂ ਵਿਛੋੜਾ ਹੋਇਆ ਹੈ ਅਤੇ ਇਸ ਦਾ ਉਸ ਨਾਲ ਦੋਬਾਰਾ ਮੇਲ ਉਸ ਦੀ ਕਿਰਪਾ ਹੋਣ ਪਰ ਹੋਵੇਗਾ।

ਕਿਰਤਿ ਕਰਮ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ' ੧੩੩

ਪ੍ਰਭੂ ਤੋ ਪਿਆ ਹੋਇਆ ਇਹ ਵਿਛੋੜਾ ਆਤਮਾ ਲਈ ਸਿਖਰ ਦਾ ਦੁਖ ਹੈ ਜਿਸ ਦੀ ਨਿਵਿਰਤੀ ਕੇਵਲ ਉਸ ਦੇ ਮੇਲ ਤੋਂ ਹੈ ਜੋ ਮਨੁਖਾ ਜਨਮ ਵਿਚ ਹੀ ਹੋ ਸਕਦਾ ਹੈ-'ਗੋਬਿੰਦ ਮਿਲਣ ਕੀ ਇਹੁ ਤੇਰੀ ਬਰੀਆ' ੩੭੮ ਅਤੇ ਜੇ ਇਹ ਮੌਕਾ ਖੁੰਝ ਗਿਆ ਤਾਂ 'ਇਸ ਅਉਸਰ ਤੇ ਜੋ ਨਰ ਚੂਕੇ ਆਏ ਜਾਇ ਦੁਖ ਪਾਇਦਾ'। ਆਪ ਦਾ ਇਹ ਵਿਸ਼ਵਾਸ਼ ਹੈ ਕਿ ਨਿੰਮਰਤਾ

ਤੇ ਗਰੀਬੀ ਜ਼ਾਲਮ ਦੇ ਜ਼ੁਲਮ ਨੂੰ ਨਾਸ ਕਰ ਦੇਣ ਦੀ ਸਮਰਥਾ ਰਖਦੇ ਹਨ ਆਪ ਨੇ ਕਥਿਆ ਹੈ :

'ਗਰੀਬੀ ਗਦਾ ਹਮਾਰੀ—ਖੰਨਾ ਸਗਲ ਰੇਨੁ ਛਾਰੀ
ਇਸ ਆਗੈ ਕੋ ਨ ਟਿਕੈ ਵੇਕਾਰੀ–ਗੁਰ ਪੂਰੇ ਏਹ ਗਲਸਾਰੀ।

੬੨੮

ਪ੍ਰੰਤੂ ਆਪ ਦੀ ਇਸ ਸੀਤਲਤਾ, ਧੀਰਜ ਤੇ ਅਡੋਲਤਾ ਦੇ ਪਿਛੇ ਇਕ ਸੱਤਿਆ ਹੈ, ਇਕ ਭਰੋਸਾ ਹੈ ਜੋ ਵਡੀ ਤੋਂ ਵਡੀ ਮੁਸੀਬਤ ਤੇ ਖਤਰੇ ਵਿਚ ਭੀ ਆਪਦੇ ਮਨ ਨੂੰ ਡਿੱਗਣ ਨਹੀਂ ਦੇਂਦਾ। ਆਪ ਦੇ ਅੰਦਰ ਐਸੀ ਸਦੀਵੀ ਠੰਡਕ ਤੇ ਖੇੜਾ ਹੈ ਕਿ ਆਪ ਸਰੀਰਕ ਤੌਰ ਤੇ ਦੁਖੀ ਹੁੰਦੇ ਹੋਏ ਭੀ ਢਹਿੰਦੀ ਕਲਾ ਅੰਦਰ ਨਹੀਂ ਵਹਿ ਜਾਂਦੇ, ਨ ਆਪਦੇ ਚੇਹਰੇ ਤੇ ਮਲਾਲ ਆਉਂਦਾ ਹੈ। ਆਪ ਇਸ ਅਡੋਲਤਾ ਦਾ ਕਾਰਨ ਇਉਂ ਬਿਆਨ ਕਰਦੇ ਹਨ।

ਲਗੜੀ ਸੁਥਾਨਿਜੋੜਣ ਹਾਰੈ ਜੋੜੀਆ
ਨਾਨਕ ਲਹਿਰੀ ਲਖ ਸੈ ਆਨ ਡੁਬਨ ਦੇਇ ਨ ਮਾ ਪਿਰੀ।
ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਨਾਮਾ।
ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ।

੫੧੯

ਆਪ ਬਾਹਰਮੁਖੀ ਦੁਖ ਨੂੰ ਸੁਖ ਕਰਕੇ ਸਮਝਦੇ ਹਨ ਕਿਉਂਕਿ ਆਪ ਦੇ ਅੰਦਰ ਸ਼ਾਂਤੀ ਤੇ ਸੁਖ ਹੈ। ਆਪ ਕਹਿੰਦੇ ਹਨ :

'ਘਰਿ ਮਹਿ ਸੂਖ ਬਾਹਰਿ ਫੁਨਿ ਸੂਖਾ'

ਆਪ ਦੇ ਅਜੇਹੇ ਕਥਨ ਆਮ ਮਨੁਖੀ ਸੂਝ ਤੋਂ ਉਚੇਰੇ ਹਨ। ਇਹ ਅਧਿਆਤਮਕ ਰੰਗ ਰੰਗੇ ਉਹ ਆਦਰਸ਼ਕ ਨੁਕਤੇ ਹਨ ਜਿਨਾਂ ਨੂੰ ਇਸ

ਰਾਹੇ ਤੁਰੇ ਮਨੁਖ ਹੀ ਅਨਭਵ ਕਰ ਸਕਦੇ ਹਨ। ਸਾਧਾਰਨ ਮਨੁਖ ਨੂੰ ਇਸ ਟਿਕਾਣੇ ਲੈ ਜਾਣ ਵਾਸਤੇ ਆਪ ਇਕ ਸੌਖਾਂ ਰਸਤਾ ਇਉਂ ਦਸਦੇ ਹਨ :

ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿੰਦ ਗੁਨ ਗਾਇ। ੨੫੪

ਸੋਰਠ ਰਾਗ ਦੀ ਇਕ ਅਸ਼ਟਪਦੀ ਅੰਦਰ ਆਪ ਦੁਨੀਆਂ ਦੇ ਪਰਚਲਤ ਮੋਟੇ ਮੋਟੇ ਸਾਰੇ ਕਰਮ ਧਰਮ ਗਿਣਦੇ ਹਨ। ਰਾਜ ਭਾਗ ਅਤੇ ਰਾਜ ਲੀਲਾ ਦੇ ਅਨੰਦਾਂ ਦੇ ਜ਼ਿਕਰ ਭੀ ਕਰਦੇ ਹਨ ਪਰ ਕਹਿੰਦੇ ਹਨ :

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ।

ਅਖੀਰ ਆਪਣਾ ਫੈਸਲਾ ਇਸਤਰਾਂ ਦੇਂਦੇ ਹਨ :

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾਂ।
੬੪੧

ਹਰੀਜਨਾਂ ਦੀ ਸੰਗਤ ਵਿਚ ਮਿਲ ਕੇ ਗੋਬਿੰਦ ਦੀ ਕੀਰਤੀ ਕਰਨੀ ਹੀ ਸਭ ਤੋਂ ਸ੍ਰੇਸ਼ਟ ਕਰਮ ਹੈ ਜਿਸ ਨਾਲ 'ਛਾਤੀ ਸੀਤਲ ਮਨੁ ਸੁਖੀ' ਹੋ ਸਕਦਾ ਹੈ।

ਇਸ ਵਿਸ਼ੇ ਤੇ ਆਪ ਨੇ ਬਹੁਤ ਕੁਝ ਲਿਖਿਆ ਹੈ ਪ੍ਰੰਤੂ ਇਸ ਬਾਰੇ ਵਿਸ਼ੇਸ਼ ਕਥਨ ਯੋਗ ਆਪ ਦੀ 'ਸੁਖਮਨੀ' ਦੀ ਰਚਨਾ ਹੈ, ਜੋ ਇਕ ਲੰਮੀ ਵਿਚਾਰ ਧਾਰਾ ਚੌਵੀ ਸਲੋਕਾਂ ਤੇ ਚੌਵੀ ਅਸ਼ਟਪਦੀਆ ਵਿਚ ਵੰਡੀ ਹੋਈ ਹੈ। ਇਕ ਇਕ ਅਸ਼ਟਪਦੀ ਵਿਚ ਦਸ ਦਸ ਤੁਕਾਂ ਦੀਆਂ ਅਠ ਅਠ ਪਉੜੀਆਂ ਹਨ। ਇਹ ਰਚਨਾ ਜਿਸਤਰਾਂ ਇਸ ਦੇ ਨਾਮ ਤੋਂ ਪ੍ਰਗਟ ਹੈ ਸੁਖੀ ਕਰਨ ਵਾਲੀ ਮਣੀ ਹੈ। ਇਸ ਬਾਰੇ ਸਾਹਿਤਕ ਵੀਚਾਰ ਤਾਂ ਵਖਰੇ ਮਜ਼ਮੂਨ ਦਾ ਵਿਸ਼ਾ ਹੋਵੇਗਾ। ਇਥੇ ਕੇਵਲ ਇਤਨਾ ਲਿਖ ਦੇਣਾ ਕਾਫ਼ੀ ਹੈ ਕਿ ਇਹ ਗੁਰੂ ਅਰਜਨ ਦੇਵ ਜੀ ਦੀ ਇਕ ਅਤਿ ਉਚ ਕੋਟੀ ਦੀ

ਸੰਗੀਤਕ ਕਾਵਧਾਰਾ ਹੈ, ਜਿਸ ਦੀ ਕਲਾ ਦਾ ਠੁਕ ਅਤੇ ਮਜ਼ਮੂਨ ਦੀ ਉਸਾਰੀ ਇਤਨੇ ਦਿਲਕਸ਼, ਨਿੱਗਰ ਤੇ ਰਮਣੀਕ ਹਨ ਅਤੇ ਵਿਸ਼ੇ ਦੇ ਪ੍ਰਗਟਾਅ ਲਈ ਕੀਤੀ ਸ਼ਬਦ ਚੋਣ ਤੇ ਇਨਾਂ ਦੀ ਗੋਂਦ, ਜੋ ਕੰਚਨ ਦੇ ਕੁੰਡਲ ਅੰਦਰ ਮੋਤੀਆਂ ਦੀ ਜੜਤ ਦੀ ਮਿਸਾਲ ਰਖਦੇ ਹਨ, ਇਤਨੇ ਸੋਹਜ ਭਰੇ ਹਨ ਕਿ ਇਹ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੀ ਸੀਤਲਤਾ ਦੀ ਮੂੰਹ ਬੋਲਦੀ ਤਸਵੀਰ ਹੈ। ਇਹ ਸੀਤਲਤਾ ਇਸ ਤਸਵੀਰ ਵਿਚੋਂ ਕਿਵੇਂ ਪ੍ਰਗਟ ਹੈ ਇਹ ਉਸ ਦੀ ਇਕ ਛੋਟੀ ਜਹੀ ਝਾਕੀ ਤੋਂ ਪਤਾ ਲਗ ਜਾਵੇਗਾ। ਉਸ ਸੀਤਲਤਾ ਦੇ ਮਾਲਕ ਦਾ ਸਰੂਪ ਕੈਸਾ ਹੈ :

ਬ੍ਰਹਮ ਗਿਆਨੀ ਸਦਾ ਨਿਰਲੇਪ—ਜੈਸੇ ਜਲ ਮਹਿ ਕਮਲ ਅਲੇਪ
ਬ੍ਰਹਮ ਗਿਆਨੀ ਸਦਾ ਨਿਰਦੋਖ —ਜੈਸੇ ਸੂਰੁ ਸਰਬ ਕਉ ਸੋਖ
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨ—ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ
ਬ੍ਰਹਮ ਗਿਆਨੀ ਕੈ ਧੀਰਜੁ ਏਕ—ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ
ਬ੍ਰਹਮ ਗਿਆਨੀ ਕਾ ਇਹੈ ਗੁਨਾਉ—ਨਾਨਕ ਜਿਉ ਪਾਵਕ ਕਾ ਸਹਜ ਸੁਭਾਉ

੨੭੨

ਆਪ ਇਸ ਰਚਨਾ ਨੂੰ ਸੰਪੂਰਨ ਕਰਦੇ ਹੋਏ ਇਸ ਦੀ ਕਮਾਲੀਅਤ ਤੇ ਵਡਿਆਈ ਦਾ ਸੰਖੇਪ ਜੇਹਾ ਜ਼ਿਕਰ ਇਸਤਰਾਂ ਕਰਦੇ ਹਨ :

'ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ—ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ
ਜਨਮ ਮਰਨ ਤਾ ਕਾ ਦੂਖੁ ਨਿਵਾਰੈ—ਦੁਲਭ ਦੇਹ ਤਤਕਾਲ ਉਧਾਰੈ
ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ—ਏਕੁ ਨਾਮੁ ਮਨ ਮਾਹਿ ਸਮਾਨੀ
ਦੂਖ ਰੋਗ ਬਿਨਸੇ ਭੈ ਭਰਮ—ਸਾਧ ਨਾਮ ਨਿਰਮਲ ਤਾ ਕੇ ਕਰਮ
ਸਭ ਤੇ ਊਚ ਤਾ ਕੀ ਸੋਭਾ ਬਨੀ—ਨਾਨਕ ਇਹ ਗੁਣ ਨਾਮ ਸੁਖਮਨੀ'

੨੯੬

ਮਨ ਦੀ ਸ਼ਾਂਤੀ ਅਤੇ ਸੀਤਲਤਾ ਹਾਸਲ ਕਰਨ ਵਾਸਤੇ ਆਪ ਘਰ ਬਾਰ ਤੇ ਸੰਸਾਰ ਦੇ ਤਿਆਗ ਦਾ ਰਸਤਾ ਨਹੀਂ ਵਿਖਾਉਂਦੇ ਬਲਕਿ

ਆਪਦਾ ਵਿਚਾਰ ਹੈ ਕਿ ਠੰਡਕ ਮਨ ਦੇ ਟਿਕਾਓ ਵਿਚ ਹੈ। ਸਰੀਰਕ ਤੌਰ ਪਦਾਰਥਾਂ ਤੇ ਹੇਤੂਆਂ ਦਾ ਤਿਆਗ ਮਨ ਨੂੰ ਟਿਕਾਉ ਵਿਚ ਨਹੀਂ ਲਿਆ ਸਕਦੇ, ਕਿਉਂਕਿ ਸਰੀਰਕ ਲੋੜਾਂ ਜਿਨਾਂ ਦਾ ਪੂਰਾ ਕਰਨਾ ਆਵਸ਼ੱਕ ਹੈ ਅਜੇਹੇ ਤਿਆਗ ਨਾਲ ਦੂਰ ਨਹੀਂ ਹੁੰਦੀਆਂ। ਬਲਕਿ ਸੰਸਾਰ ਦੇ ਤਿਆਗ ਕਾਰਨ ਇਨਾਂ ਦੇ ਪੂਰਾ ਕਰਨ ਦੇ ਸਾਧਨ ਜਾਂਦੇ ਰਹਿੰਦੇ ਹਨ, ਜਿਸ ਲਈ ਮਨ ਦੀ ਭਟਕਣ ਹੋਰ ਵਧ ਜਾਂਦੀ ਹੈ, ਤੇ ਮਨ ਵਧੇਰੇ ਅਸ਼ਾਂਤ ਹੋ ਜਾਂਦਾ ਹੈ। ਇਸ ਲਈ ਮਨੁਖ ਨੂੰ ਸਮਾਜ ਦੇ ਅੰਦਰ ਵਿਚਰਦੇ ਹੋਏ ਮਨ ਦੀ ਅਡੋਲਤਾ ਹਾਸਲ ਕਰਨੀ ਚਾਹੀਦੀ ਹੈ। ਇਸ ਖਿਆਲ ਨੂੰ ਆਪ ਕਿਤਨਾ ਸੁੰਦਰ ਬਿਆਨ ਕਰਦੇ ਹਨ :

'ਸਾਚਿ ਨਾਮਿ ਮੇਰਾ ਮਨ ਲਾਗਾ – ਲੋਗਨ ਸਿਉ ਮੇਰਾ ਠਾਠਾ ਬਾਗਾ
ਬਾਹਰਿ ਸੂਤੁ ਸਗਲ ਸਿਉ ਮਉਲਾ—ਅਲਿਪਤ ਰਹਉ ਜੈਸੇ ਜਲ ਮਹਿ ਕਉਲਾ
ਮੁਖ ਕੀ ਬਾਤ ਸਗਲ ਸਿਉ ਕਰਤਾ—ਜੀਅ ਸੰਗਿ ਪ੍ਰਭੁ ਅਪਨਾ ਧਰਤਾ'
੩੮੪

ਲੋਕਾਂ ਨਾਲ 'ਠਾਠਾ ਬਾਗਾ' ਪੂਰਾ ਰਖਨਾ, ਸਭ ਨਾਲ 'ਸਾਹਿਬ ਸਲਾਮਤ' ਰਖਨੀ ਅਤੇ ਗੱਲ ਬਾਤ ਵਿਚ ਕਿਸੇ ਵਲੋਂ ਵੀ ਸੰਕੋਚ ਨ ਹੋਣ ਦੇਣਾ, ਇਹ ਸਮਾਜਕ ਜੀਵਨ ਦੀਆਂ ਅਸ਼ਧ ਲੋੜਾਂ ਹਨ। ਪ੍ਰੰਤੂ ਇਹ ਸਭ ਕੁਝ ਕਰਦੇ ਹੋਏ ਆਪਣਾ ਅੰਤਹਕਰਣ ਸਚ ਅਤੇ ਪ੍ਰਭੂ ਦੇ ਨਾਮ ਵਿਚ ਜੋੜੀ ਰਖਨਾ, ਜਿਸਤਰਾਂ ਕੰਵਲ ਫੁੱਲ ਪਾਣੀ ਤੋਂ ਆਪਣੀਆਂ ਲੋੜਾਂ ਪੂਰਦਾ ਹੋਇਆ ਆਪਣੀ ਰੁਚੀ ਆਕਾਸ਼ ਵਿਚ ਟਿਕਾਏ ਹੋਏ ਹੈ। ਇਸ ਦਾ ਸਾਧਨ ਆਪ ਜੀਵਨ ਜੁਗਤ ਪੂਰੀ ਰਖਣ ਵਿਚ ਵੇਖਦੇ ਹਨ ਜਿਸ ਜੁਗਤੀ ਦੀ ਠੀਕ ਵਿਧੀ ਸਤਿਗੁਰੂ ਹੀ ਸਮਝਾ ਸਕਦਾ ਹੈ। ਇਸ ਨੂੰ ਆਪ ਇਉਂ ਦਸਦੇ ਹਨ :

'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ
ਹਸੰਦਿਆ ਖੇਲੰਦਿਆ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ ੫੨੨

ਜੇ ਸੰਸਾਰਕ ਪਦਾਰਥਾਂ ਦੇ ਭੋਗ ਅਤੇ ਆਪਣੇ ਹੈਤੂਆਂ ਨਾਲ ਮੋਹ ਪਿਆਰ ਕੇਵਲ ਸਰੀਰ ਦੀਆਂ ਅਸ਼ਧ ਲੋੜਾਂ ਅਤੇ ਜੁੜੇ ਸੰਜੋਗਾਂ ਨੂੰ ਨਿਬਾਹੁਣ ਤਕ ਹੀ ਸੀਮਤ ਹੋਣ ਅਤੇ ਮਨੁਖ ਇਨਾਂ ਵਿਚ ਇਤਨਾ ਖਚਤ ਨ ਹੋਵੇ ਕਿ ਇਨਾਂ ਤੋਂ ਵਿਛੋੜਾ ਇਸ ਦੀ ਅਸ਼ਾਂਤੀ ਦਾ ਕਾਰਨ ਬਣੇ ਤਾਂ ਇਨ੍ਹਾਂ ਦੇ ਪਿਆਰ ਇਸ ਨੂੰ ਦੁਖੀ ਨਹੀਂ ਕਰ ਸਕਦੇ। ਇਸ ਖਿਆਲ ਨੂੰ ਗੁਰੂ ਜੀ ਦੋ ਤਰਾਂ ਦ੍ਰਿੜ ਕਰਾਉਂਦੇ ਹਨ: (੧) ਇਕ ਤਾਂ ਇਨਾਂ ਪਦਾਰਥਾਂ ਤੇ ਹੇਤੂਆਂ ਦੀ ਅਸਥਿਰਤਾ ਦਸਕੇ ਮਨੁਖ ਦਾ ਮਨ ਇਨਾਂ ਵਲੋਂ ਉਪਰਾਮ ਕਰਦੇ ਹਨ। ਇਸ ਨੂੰ ਆਪ ਵਗਦੇ ਦਰਿਆ ਦੇ ਪਾਣੀ ਨਾਲ ਤੁਲਨਾ ਦੇਂਦੇ ਹੋਏ ਸਮਝਾਉਂਦੇ ਹਨ ਕਿ ਇਹ ਪਦਾਰਥ ਅਤੇ ਮਨੁਖ ਦੀ ਉਮਰ ਵਗਦੇ ਪਾਣੀ ਦੀ ਨਿਆਈਂ ਵਹਿੰਦੀ ਜਾ ਰਹੀ ਹੈ ਅਤੇ ਜਿਸਤਰਾਂ ਇਕ ਥਾਂ ਤੋਂ ਲੰਘਿਆ ਪਾਣੀ ਮੁੜ ਉਥੇ ਕਦੀ ਨਹੀਂ ਆਉਂਦਾ, ਇਸੇਤਰਾਂ ਮਨੁਖ ਦੇ ਉਮਰ ਰੂਪੀ ਦਰਿਆ ਅੰਦਰ ਬੀਤੀ ਘੜੀ ਮੁੜ ਨਹੀਂ ਆ ਸਕਦੀ ਅਤੇ ਨ ਪਦਾਰਥਾਂ ਦੇ ਭੋਗ ਹੀ ਸਥਿਰ ਰਹਿਣ ਵਾਲੇ ਹਨ, ਇਹ ਭੀ ਪਾਣੀ ਦੀ ਤਰਾਂ ਵਹਿ ਜਾਣ ਵਾਲੇ ਹਨ। ਮਨੁਖ ਦਾ ਇਨਾਂ ਵਿਚ ਖਚਤ ਹੋਣਾ ਬਿਅਰਥ ਹੈ:

'ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ
ਮਿਥਿਆ ਮੋਹ ਬੰਧਹਿ ਨਿਤ ਪਾਰਚ ੧੪੩

(੨) ਦੂਸਰੇ ਮਨ ਨੂੰ ਇਸ ਖਿਨ ਭੰਗਰ ਮੋਹ ਤੋਂ ਉਪਰਾਮ ਕਰਕੇ ਅਜੇਹੀ ਥਾਂ ਜੋੜਨ ਦੀ ਸੂਚਨਾ ਦੇਂਦੇ ਹਨ ਜੋ ਪਕੀ ਤੇ ਸਦੀਵੀ ਹੋਵੇ:

'ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ੧੧੦੨

ਨਾਨਕ ਮਿਤਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ
ਕੁਮਿਤਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ

ਅਜੇਹੀਆਂ ਸੂਚਨਾਵਾਂ ਬੜੀ ਦ੍ਰਿੜਤਾ ਤੇ ਪਕਿਆਈ ਨਾਲ ਦੇਂਦੇ ਹਨ। ਦ੍ਰਿੜਤਾ ਅਤੇ ਵਿਸ਼ਵਾਸ਼ ਆਪ ਦੀ ਕਲਾ ਦਾ ਖਾਸ ਗੁਣ ਹੈ। ਕੋਈ ਗੱਲ ਕਦੇ ਅਧਵਾਟੇ ਨਹੀਂ ਰਹਿਣ ਦੇਂਦੇ, ਨਾ ਹੀ ਆਪ ਨੇ ਕਥਨ ਵਿਚ ਕਿਸੇ ਸ਼ੰਕੇ ਦੀ ਗੁੰਜਾਇਸ਼ ਰਹਿਣ ਦੇਂਦੇ ਹਨ। ਬਲਕਿ ਹਰ ਗੱਲ ਜਾਂ ਹਰ ਖਿਆਲ ਪੂਰੇ ਨਿਸਚੇ ਨਾਲ ਕਥਦੇ ਹਨ ਜਿਸਤਰਾਂ ਕੋਈ ਆਪ ਵਿਰਤੀ ਗੱਲ ਕਰਦਾ ਹੈ :

'ਮੈਂ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ਪ੩੪

ਅਤੇ

'ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ
ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਡਾ ਹੋਇ' ੧੧੦੦

'ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰ
ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ ਪ੫੯

'ਜੇਹਾ ਡਿਠਾ ਮੈਂ ਤੇਹੋ ਕਹਿਆ—ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ੯੭

ਕਿਉਂਕਿ ਆਪ ਦੀ ਸਮੁਚੀ ਰਚਨਾ ਅਧਿਆਤਮਕ ਹੈ ਅਤੇ ਆਪ ਦੇ ਵਿਚਾਰ ਅਦ੍ਰਿਸ਼ਟ ਅਤੇ ਨਿਰਾਕਾਰ ਜੋਤੀ ਬਾਰੇ ਅਤੇ ਇਸ ਦੇ ਵਿਕਾਸ਼ ਤੋਂ ਹੋਂਦ ਵਿਚ ਆਈ ਆਤਮਾ ਬਾਰੇ ਹਨ ਜੋ ਅਸਥੂਲ ਪਦਾਰਥਾਂ ਦੀ ਰੁਚੀ ਰਖਣ ਵਾਲੇ ਆਦਮੀ ਲਈ ਬੜੇ ਸੂਖਮ ਜਾਪਦੇ ਹਨ, ਇਸ ਲਈ ਅਜੇਹੇ ਵਿਚਾਰਾਂ ਨੂੰ ਆਮ ਫ਼ਹਿਮ ਬਨਾਉਣ ਲਈ ਨਿਤਾ ਪ੍ਰਤ ਪੇਸ਼ ਆਉਣ ਵਾਲੇ ਉਦਾਹਰਨ ਵਰਤਨ ਦੀ ਅਵਸ਼ਕਤਾ ਸੀ। ਆਪ ਨੇ ਇਹ ਉਦਾਹਰਨ ਆਮ ਤੇ ਸਾਧਾਰਨ ਮਨੁਖੀ ਜੀਵਨ ਸੰਸਕਾਰਾਂ ਤੋਂ ਜਾ ਸ੍ਰਿਸਟੀ ਦੀ ਰੰਗਾਰੰਗੀ ਉਪਜ ਅਤੇ ਇਸ ਉਪਜ ਦੀਆਂ ਭਾਂਤ ਭਾਂਤ ਦੀਆਂ ਰੁਚੀਆਂ ਜਾਂ ਬ੍ਰਹਿਮੰਡ ਕਰਤਾ ਦੀ ਕੁਦਰਤ ਦੇ ਅਸਗਾਹ ਖੇਤਰ ਤੋਂ ਲੈ ਹਨ ਅਤੇ ਇਹ

ਇਤਨੇ ਢੁਕਵੇ, ਸਚੇ ਤੇ ਸੁਭਾਵਕ ਹਨ ਕਿ ਇਨਾਂ ਤੋਂ ਰਚਨਾ ਕਰਤਾ ਦੇ ਮਨ ਦੀ ਵਿਸ਼ਾਲਤਾ ਅਤੇ ਇਸ ਸਾਰੀ ਸ੍ਰਿਸ਼ਟੀ ਅਤੇ ਕੁਦਰਤ ਨਾਲ ਇਕ ਮਿਕ ਹੋਇਆ ਹੋਣਾ ਆਕਾਸ਼ ਵਾਂਝ ਪਰਤਖ ਹੈ। ਗੁਰੂ ਦੇ ਮੇਲ ਦੇ ਪਰਭਾਵ ਨੂੰ ਆਪ ਕਿਤਨਾ ਸਪਸ਼ਟ ਸਮਝਾਉਂਦੇ ਹਨ:

'ਜਿਉ ਮੰਦਰ ਕਉ ਥਾਮੈ ਥੰਮਨੁ—ਤਿਉ ਗੁਰ ਦਾ ਸਬਦੁ ਮਨਹਿ ਅਸਥੰਮਨੁ
ਜਿਉ ਪਾਖਾਣੁ ਨਾਵ ਚੜਿ ਤਰੈ—ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ
ਜਿਉ ਅੰਧਕਾਰ ਦੀਪਕ ਪਰਗਾਸੁ—ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ
ਜਿਉ ਮਹਾਂ ਉਦਿਆਨ ਮਹਿ ਮਾਰਗੁ ਪਾਵੈ—ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ'
੨੮੨

ਆਪ ਦੇ ਸ਼ਬਦ 'ਐਸੋ ਸਹਾਈ ਹਰਿ ਕੋ ਨਾਮ' ਅੰਦਰ ਜਿਨਾਂ ਉਦਾਹਰਨਾ ਦੁਆਰੇ ਇਹ ਸਮਝਾਇਆ ਹੈ ਕਿ ਹਰੀ ਦਾ ਨਾਮ ਕਿਸਤਰਾਂ ਸਹਾਈ ਹੁੰਦਾ ਹੈ ਉਹ ਬੜੇ ਸਾਧਾਰਨ ਤੇ ਨਿਤਾਪ੍ਰਤ ਦੇ ਜੀਵਨ ਅੰਦਰ ਵੇਖੇ ਜਾਂਦੇ ਵਾਕਿਆਤ ਹਨ। ਮਿਸਾਲ ਦੇ ਤੌਰ ਡੁਬਦੇ ਆਦਮੀ ਨੂੰ ਬੇੜੀ ਦਾ ਮਿਲ ਜਾਣਾ, ਬੁਝ ਰਹੇ ਦੀਵੇ ਵਿਚ ਤੇਲ ਪਾਇਆ ਜਾਣਾ, ਸੜਦੇ ਉਤੇ ਪਾਣੀ ਪਾ ਦੇਣਾ, ਭੁਖ ਕਾਰਨ ਵਿਲਕ ਰਹੇ ਬਾਲਕ ਨੂੰ ਦੁਧ ਦਾ ਮਿਲ ਜਾਣਾ, ਰਣ ਵਿਚ ਜੂਝ ਰਹੇ ਪ੍ਰਾਣੀ ਦੀ ਸਹਾਇਤਾ ਲਈ ਉਸ ਦੇ ਭਰਾ ਦਾ ਬਹੁੜ ਪੈਣਾ, ਸੁਕ ਰਹੀ ਖੇਤੀ ਪਰ ਬੱਦਲ ਦਾ ਵਸਣਾ, ਉਦਾਹਰਨ ਕਿਤਨਾ ਭਰੋਸਾ ਬੰਨ੍ਹਾਉਣ ਵਾਲੇ ਹਨ। ਗੁਰੂ ਜੀ ਨੇ ਇਹ ਉਦਾਹਰਨ ਦੇ ਕੇ ਇਕ ਅਣਦਿਸਦੀ ਸ਼ਕਤੀ ਦੇ ਮੁਸ਼ਕਲ ਸਮੇਂ ਬਾਹੁੜੀ ਕਰਨ ਉਤੇ ਨਿਸਚਾ ਦ੍ਰਿੜ ਕਰਾਇਅ ਹੈ ਜਿਸ ਦਾ ਅਜੇਹੇ ਉਦਾਹਰਨਾਂ ਤੋਂ ਬਿਨਾਂ ਦ੍ਰਿੜ ਹੋ ਸਕਣਾ ਸੰਭਵ ਨਹੀਂ ਸੀ।

ਹਰੀ ਦਾ ਨਾਮ ਦੁਖਾਂ ਤੇ ਪਾਪਾਂ ਦੇ ਸਮੂਹ ਨੂੰ ਇਸਤਰਾਂ ਦਘਦ ਕਰ ਦੇਂਦਾ ਹੈ ਜਿਸਤਰਾਂ ਲਕੜੀ ਦੇ ਵਡੇ ਤੋਂ ਵਡੇ ਢੇਰ ਨੂੰ ਅਗ ਦੀ ਇਕ ਚੁਆਤੀ ਸੁਆਹ ਕਰ ਦੇਂਦੀ ਹੈ:

ਈਧਣੁ ਕੀਤੋ ਮੂ ਘਣਾ ਭੋਰੀ ਦਿਤੀਮੁ ਭਾਹਿ
ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ੧੦੬

ਇਸੇ ਖਿਆਲ ਨੂੰ ਆਪ ਬਿਨਾ ਉਦਾਹਰਨ ਦੇ ਇਸਤਰਾਂ ਦਸਦੇ ਹਨ :

'ਸਾਈ ਅਲਖ ਅਪਾਰੁ ਭੋਰੀ ਮਨਿ ਵਸੈ—ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ' ੩੯੧

ਪਹਿਲੇ ਸ਼ਲੋਕ ਵਿਚ ਆਪ ਦਾ ਉਦਾਹਰਨ ਕਿਤਨਾ ਪ੍ਰਭਾਵਸ਼ਾਲੀ ਹੈ। ਕਈ ਵੇਰ ਆਪ ਇਕੋ ਤਸਵੀਰ ਦੇ ਵਿਰੋਧੀ ਪਖਾਂ ਨੂੰ ਇਕਸੇ ਵੇਰ ਸਾਮ੍ਹਣੇ ਰਖਕੇ ਆਪਣਾ ਵਿਚਾਰ ਦ੍ਰਿੜ ਕਰਾਉਣ ਦਾ ਕਮਾਲ ਦਸ ਜਾਂਦੇ ਹਨ। ਤਸਵੀਰ ਦੇ ਇਕ ਵੰਨੇ ਕਖਾਂ ਦੀ ਛਪਰੀ ਹੇਠ ਨਾਮੀ ਦਾ ਵਾਸਾ ਹੈ ਅਤੇ ਦੂਜੇ ਵੰਨੇ ਨਾਮ ਵਿਹੂਣੇ ਮੰਦਰ ਮਹਿਲ ਹਨ। ਦੋਹਾਂ ਵਿਚੋਂ ਚੰਗਾ ਕੇਹੜਾ ਹੈ :

'ਭਲੀ ਸੁਹਾਵੀ ਛਾਪਰੀ ਜਾ ਮਹਿ ਗੁਣ ਗਾਏ
ਕਿਤਹੀ ਕਾਮਿ ਨ ਧਉਲਹਰ ਜਿਤੁ ਹਰ ਬਿਸਰਾਏ ੭੪੫

ਇਸੇ ਵੀਚਾਰ ਨੂੰ ਲੈਂਦੇ ਹੋਏ ਆਪ ਦੋ ਤਸਵੀਰਾਂ ਚਿਤਰ ਕੇ ਦਰਸ਼ਕਾਂ ਦੇ ਦਿਲਾਂ ਨੂੰ ਕਿਸਤਰਾਂ ਟੁੰਬਦੇ ਹਨ :

'ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ
ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ੭੦੭

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿਨਾ
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ

ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ੭੦੭

ਇਸ ਪ੍ਰਕਾਰ ਦੇ ਮੁਕਾਬਲੇ ਦੇ ਚਿੱਤਰ ਖਿੱਚਣ ਵਿਚ ਆਪਨੇ ਕੁਦਰਤ ਦੇ ਰੰਗਾਂ ਨੂੰ ਭੀ ਖੁਲ੍ਹੇ ਤੌਰ ਵਰਤਿਆ ਹੈ ਅਤੇ ਅਤਿ ਭਿਆਨਕ ਦਰਿਸ਼ ਦੀ ਭਿਆਨਕਤਾ ਨੂੰ ਆਪਣੇ ਵਿਚਾਰ ਦੀ ਸੁੰਦਰਤਾ ਨਾਲ ਸੁਹਾਉਣਾ ਕਰ ਦਸਿਆ ਹੈ :

'ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ
ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ' ੫੨੦

'ਜਿਹ ਪੈਡੈ ਮਹਾਂ ਅੰਧ ਗੁਬਾਰਾ—ਹਰਿ ਕਾ ਨਾਮੁ ਸੰਗਿ ਉਜੀਆਰਾ
ਜਹਾ ਪੰਥਿ ਤੇਰਾ ਕੋ ਨ ਸਿਞਾਨੂ—ਹਰਿ ਕਾ ਨਾਮੁ ਤਹ ਨਾਲਿ ਪਛਾਨੂ
ਜਹ ਮਹਾ ਭਇਆਨ ਤਪਤਿ ਬਹੁ ਘਾਮ—ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ
ਜਹਾਂ ਤ੍ਰਿਖਾ ਮਨ ਤੁਝ ਆਕਰਖੈ—ਤਹ ਨਾਨਕ ਹਰਿ ਹਰਿ ਅੰਮ੍ਰਿਤ ਬਰਖੈ' ੨੬੪

ਆਪ ਕੁਦਰਤ ਦੇ ਰੰਗਾਂ ਵਿਚ ਅਟਲ ਸਚਾਈਆਂ ਛੁਪੀਆਂ ਤਕਦੇ ਹਨ। ਅਖ ਪਲਕਾਰੇ ਜਿਤਨੀ ਬਿਜਲੀ ਦੀ ਲਿਸ਼ਕ, ਇਸਦਾ ਅਦੁਤੀ ਪ੍ਰਕਾਸ਼ ਅਤੇ ਫਿਰ ਗੂੜ੍ਹੀ ਅੰਧਘੋਰ ਵਿਚ ਆਪ ਇਸ ਦੁਨੀਆਂ ਦੇ ਪਦਾਰਥਾਂ ਅਤੇ ਇਨਾਂ ਦੇ ਭੋਗਾਂ ਦੀ ਖਿਨ ਭੰਗਰਤਾ ਤਕਦੇ ਹੋਏ ਕਿਤਨਾ ਸੁੰਦਰ ਬਿਆਨ ਕਰਦੇ ਹਨ :

'ਦਾਮਨੀ ਚਮਤਕਾਰ ਤਿਉ ਵਰਤਾਰਾ ਜਗਖੇ' ੩੧੯

ਤਾਰਿਆਂ ਭਰੀ ਭਿੰਨੜੀ ਰਾਤ ਆਪ ਨੂੰ ਪ੍ਰਭੂ ਪਿਆਰਿਆਂ ਦੇ ਸੰਜੋਗ ਦਾ ਸਮਾਂ ਦਿਸਦਾ ਹੈ :

'ਭਿੰਨੀ ਰੈਨੜੀਐ ਚਾਮਕਨਿ ਤਾਰੇ—ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ' ੪੫੯

ਕਾਦਰ ਦੀ ਕੁਦਰਤ ਆਪ ਨੂੰ ਕਾਦਰ ਦੇ ਪਿਆਰ ਵਿਚ ਜੋੜਦੀ ਹੈ: 'ਕਰਤੇ ਕੁਦਰਤੀ ਮੁਸਤਾਕ'। ਕੁਦਰਤ ਤੋਂ ਕਾਦਰ ਦਾ ਜ਼ਹੂਰ ਹੈ ਜੋ ਆਪ ਨੂੰ ਉਸ ਲਈ ਖੀਵਾ ਕਰਦਾ ਤੇ ਗਹਿਰੇ ਵਿਸਮਾਦ ਅੰਦਰ ਲੈ ਜਾਂਦਾ ਹੈ। ਆਪ ਕਹਿੰਦੇ ਹਨ :

'ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ' ੫੨੧

ਅਤੇ

'ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ' ੨੪੭

ਇਨ੍ਹਾਂ ਚਰਿਤਰਾਂ ਅੰਦਰ ਉਹ ਆਪ ਬੈਠਾ ਦਿਸਦਾ ਹੈ।

'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕ ਵਖਾਣੀਐ
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ
ਬਿਨਵੰਤਿ ਨਾਨਕ ਸੇਈ ਜਾਣਹਿ ਜਿਨੀ ਹਰਿ ਰਸ ਪੀਆ' ੮੪੬

ਉਸ ਦੇ ਕੁਦਰਤ ਅੰਦਰ ਰਮੇ ਹੋਣ ਦੇ ਅਹਿਸਾਸ ਤੋਂ ਹੀ ਕੁਦਰਤ ਸੱਚ ਦਾ ਵਿਕਾਸ਼ ਪ੍ਰਤੀਤ ਹੋ ਰਿਹਾ ਹੈ ਜਿਸ ਦੀ ਹਰ ਚੀਜ਼ ਉਸ ਦੇ ਆਪਣੇ ਰੂਪ ਦਾ ਜਲਵਾ ਹੈ ਅਤੇ ਹਰ ਆਵਾਜ਼ ਉਸ ਦਾ ਨਿਰਮਲ ਸ਼ਬਦ ਹੈ। ਕੁਦਰਤ ਵਿਚ ਹੀ ਕਾਦਰ ਦੇ ਧਰਮ ਤੇ ਨਿਆਂ ਦਾ ਜ਼ਹੂਰ ਹੈ :

'ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ
੫੪੧

ਜਿਸ ਕਰ ਕੇ ਕੁਦਰਤ ਦੇ ਰੰਗਾਂ ਤੋਂ ਹੀ ਮਨ ਅੰਦਰ ਧੀਰਜ ਤੇ ਭਰੋਸਾ ਬਝਦਾ ਹੈ:

'ਧੀਰਉ ਦੇਖ ਤੁਮਾਰੇ ਰੰਗਾ, ਤੁਹੀ ਸੁਆਮੀ ਅੰਤਰ ਜਾਮੀ ਤੂਹੀ ਵਸਹਿ ਸਾਧ ਕੈ ਸੰਗਾ'
੮੨੪

ਕਰਤੇ ਦੀ ਕੁਦਰਤ ਉਸ ਦਾ ਆਪਣਾ ਵਿਕਾਸ਼ ਤੇ ਜ਼ਹੂਰ ਹੈ । ਪਰ ਇਹ ਐਸਾ ਜ਼ਹੂਰ ਹੈ ਜਿਸ ਦੇ ਅੰਦਰ ਉਹ ਆਪ ਛਿਪ ਬੈਠਾ ਹੈ। ਪ੍ਰਗਟ ਵਿਕਾਸ਼ ਅੰਦਰ ਉਹ ਗੁਪਤ ਹੈ ਜਿਸ ਕਰ ਕੇ ਉਸ ਨੂੰ ਕੇਵਲ ਖੋਜ ਕਰਨ ਵਾਲੀ ਅੱਖ ਹੀ ਵੇਖ ਸਕਦੀ ਹੈ । ਹਰ ਅੱਖ ਉਸ ਨੂੰ ਨਹੀਂ ਵੇਖ ਸਕਦੀ,

'ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ'

ਪ੍ਰੰਤੂ ਜਿਸ ਕੁਦਰਤ ਦੇ ਗੁਪਤ ਜ਼ਹੂਰ ਨੂੰ ਗੁਰੂ ਜੀ ਨੇ ਤਕਿਆ ਹੈ ਉਸ ਦੇ ਪ੍ਰਗਟ ਰੰਗਾਂ ਨੂੰ ਭੀ ਆਪ ਨੇ ਕਮਾਲ ਦੀਆਂ ਛੋਹਾਂ ਦੇ ਕੇ ਚਿਤਰਿਆ ਹੈ । ਅਤੇ ਪਰਤਖ ਦਿਸਦੀ ਕੁਦਰਤ ਵਿਚ ਛਿਪ ਬੈਠੇ ਪ੍ਰੀਤਮ ਦੀ ਖੋਜ ਕੀਤੀ ਹੈ:

'ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ—ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ
ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ
ਹਰਿਹਾਂ ਜੇ ਮਸਤਕਿ ਹੋਵੈ ਭਾਗ ਤ ਦਰਸਿ ਸਮਾਈਐ ੧੩੬੨

ਅਤੇ ਜਿਨ੍ਹਾਂ ਰੰਗਾਂ ਅੰਦਰੋਂ ਉਸ ਪ੍ਰਿਆ ਦੀ ਖੋਜ ਉਸ ਦੇ ਢੂੰਡਾਊ ਕਰਦੇ ਹਨ ਉਨ੍ਹਾਂ ਦੀ ਮੂਰਤ ਇਉਂ ਚਿਤਰੀ ਹੈ:

'ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗੁ
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ੩੧੯

ਮਿਠੀ ਤੇ ਮਧਮ ਸੁਰ ਉਠਦੀਆਂ ਲਹਿਰਾਂ ਭਰੇ ਸਾਗਰ ਉਤੇ ਪਹੁ ਫੁਟਾਲੇ ਦੀ ਲਾਲੀ ਦਾ ਚੁਪਕੇ ਚੁਪਕੇ ਨਿਖਰਨਾ ਅਤੇ ਇਸ ਅੰਦਰ ਟਾਵੇਂ ਟਾਵੇਂ ਚਿੜੀ ਦਾ ਚੁਹਕਨਾ ਉਸ ਪ੍ਰਾਣ ਪਿਆਰੇ ਦੇ ਢੂੰਡਾਊਆਂ ਨੂੰ ਅਸਚਰਜ ਰੰਗ ਵਿਚ ਰੰਗਦੇ ਤੇ ਉਸ ਦੇ ਦੀਦਾਰ ਦਾ ਸੁਆਦ ਬਖਸ਼ਦੇ ਹਨ ਅਤੇ ਇਸ ਤਰ੍ਹਾਂ ਕੁਦਰਤ ਆਪਣੇ ਅਸਚਰਜ ਰੰਗਾਂ ਵਿਚੋਂ ਉਸ ਅਣਦਿਸਦੀ ਹੋਂਦ ਦਾ ਜਲਵਾ ਵਿਖਾਉਂਦੀ ਹੈ। ਗੁਰੂ ਜੀ ਪਰਤਖ ਦਿਸਦੀ ਕੁਦਰਤ ਹੇਠ ਚਲਦੀ ਜੀਵਨ ਸਤਾ ਨੂੰ ਪ੍ਰਗਟਾਉਣ ਲਈ ਹੀ ਕੁਦਰਤ ਨੂੰ ਚਿਤਰਦੇ ਹਨ, ਕੁਦਰਤ ਦੀ ਨਿਰੀ ਬਾਹਰ ਮੁਖੀ ਤਸਵੀਰ ਨੂੰ ਆਪਣੀ ਕਲਾ ਦਾ ਰੂਪ ਦੇਣਾ ਆਪ ਦਾ ਮੰਤਵ ਨਹੀਂ ਸੀ ਜਿਸ ਲਈ ਆਪ ਨੇ ਕੁਦਰਤ ਦੇ ਸੁਹੱਪਣ ਨੂੰ ਨਿਰਾ ਉਸ ਦਾ ਸੋਹਜ ਦਸਣ ਲਈ ਕਿਧਰੇ ਨਹੀਂ ਚਿਤਰਿਆ ਬਲਕਿ ਹਰ ਦਿਸਦੇ ਸਰੂਪ ਥੱਲੇ ਆਪ ਨੂੰ ਅਣਦਿਸਦੀ ਹੋਂਦ ਦੀ ਝਲਕ ਵਜਦੀ ਹੈ। ਜਿਸ ਦੀ ਸੁੰਦਰਤਾ ਉਤੇ ਆਪ ਝੂਮਦੇ ਹਨ ਤੇ ਹੋਰਨਾਂ ਨੂੰ ਇਸ ਦੀ ਮਸਤੀ ਦਾ ਰਸ ਦਰਸਾਉਣ ਲਈ ਓਹੀ ਬਾਹਰਮੁਖੀ ਤਸਵੀਰ ਉਨ੍ਹਾਂ ਸਾਮ੍ਹਣੇ ਰਖ ਕੇ ਉਨ੍ਹਾਂ ਦਾ ਧਿਆਨ ਉਸ ਅੰਦਰਲੀ ਸੁੰਦਰਤਾ ਵੱਲ ਲੈ ਜਾਂਦੇ ਹਨ। ਅੱਕ ਦੀਆਂ ਸਾਵੀਆਂ ਖਖੜੀਆਂ ਅੱਕ ਨਾਲ ਲਗੀਆਂ ਹੋਈਆਂ ਕਿਤਨੀਆਂ ਸੋਹਣੀਆਂ ਲਗਦੀਆਂ ਹਨ ਪ੍ਰੰਤੂ ਜੇ ਇਹ ਆਪਣੇ ਪੇਡ ਨਾਲੋਂ ਟੁਟ ਜਾਣ ਤਾਂ ਇਨ੍ਹਾਂ ਵਿਚਲੀ ਰੂਈ ਤੂੰਬਾ ੨ ਹੋ ਹਵਾ ਦੇ ਠੇਡੇ ਖਾਂਦੀ ਫਿਰਦੀ ਹੈ।ਕੁਦਰਤ ਦਾ ਇਹ ਚਿੱਤਰ ਆਪ ਨੂੰ ਮਾਲਕ ਪ੍ਰਭੂ ਨਾਲੋਂ ਟੁਟਿਆਂ ਦੀ ਹਾਲਤ ਦਰਸਾਉਂਦਾ ਹੈ:

> 'ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ
> ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ' ੩੧੯

ਇਸੇ ਤਰ੍ਹਾਂ ਅਤਿ ਕਉੜੇ ਤੁੰਮੇ ਦੀ ਬਾਹਰਮੁਖੀ ਮਨਮੋਹਣੀ ਚਿਤਰਕਾਰੀ ਆਪ ਨੂੰ ਮਾਇਕ ਪਦਾਰਥਾਂ ਦੀ ਲੁਭਾਇਮਾਨ ਕਰਨ ਵਾਲੀ ਸਜ ਧਜ

ਪਰ ਇਨ੍ਹਾਂ ਪਦਾਰਥਾਂ ਦਾ ਮੋਹ ਤੁੰਮੇ ਦੀ ਕੁੜੱਤਨ ਵਾਂਙ ਆਪਣੇ ਦੁਖਦਾਈ ਅੰਤ ਦੀ ਸੂਚਨਾ ਦੇ ਰਿਹਾ ਹੈ:

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ
ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ ੧੦੮

ਗੁਰੂ ਗਰੰਥ ਸਾਹਿਬ ਅੰਦਰ ਅੰਕਤ ਆਪਦੀ ਬਾਣੀ ਜੋ ੨੨੫੩ ਸ਼ਬਦਾਂ, ਛੰਦਾਂ ਸਲੋਕਾਂ ਪਉੜੀਆਂ ਆਦਿ ਤੋਂ ਇਲਾਵਾ ਚਾਰ ਲੰਮੀਆਂ ਰਚਨਾਵਾਂ ਬਾਰਹ ਮਾਂਹ, ਸੁਖਮਨੀ, ਬਾਵਨ ਅਖਰੀ ਅਤੇ ਥਿਤਾਂ ਤੇ ਮੁਸ਼ਤਮਿਲ ਹੈ ਆਪਣੇ ਆਪ ਵਿਚ ਇਕ ਬੇਬਹਾ ਖਜ਼ਾਨਾ ਹੈ ਜਿਸ ਦੀ ਦੇਗ ਵਿਚੋਂ ਚਾਉਲ ਦੀ ਨਿਆਈਂ, ਬਹੁਤ ਸੰਖੇਪ ਜਿਹੀ ਵੰਨਗੀ ਇਥੇ ਵਿਖਾਈ ਗਈ ਹੈ। ਆਪ ਦੇ ਭਾਵ ਚਿਤਰਾਂ, ਦਿਲ ਤਰੰਗਾਂ ਅਤੇ ਸੂਖਮ ਵਿਚਾਰਾਂ ਦੀ ਪੂਰੀ ਸੂਝ ਤਾਂ ਆਪਦੀ ਰਚਨਾ ਨੂੰ ਪੜ੍ਹਨ ਅਤੇ ਵੀਚਾਰਨ ਤੋਂ ਹੀ ਹੋ ਸਕਦੀ ਹੈ। ਉਸ ਦੀ ਭੀ ਜਿਉਂ ੨ ਵਧੇਰੀ ਖੋਜ ਕਰੀਏ, ਨਵੇਂ ਤੋਂ ਨਵਾਂ ਰਸ ਮਾਣੀਦਾ ਹੈ ਅਤੇ ਪਾਠਕ ਦੇ ਗਿਆਨ ਵਿਚ ਅਤੁਟ ਵਾਧਾ ਹੁੰਦਾ ਹੈ। ਆਪ ਦੀ ਰਚਨਾ ਦਾ ਅਸਲ ਰਸ ਇਸ ਦੇ ਮਾਨਣ ਬਲਕਿ ਇਸਦਾ ਰੂਪ ਹੋ ਜਾਣ ਵਿਚ ਹੀ ਹੈ। ਚੂੰਕਿ ਇਹ ਅਨਭਵੀ ਰਚਨਾ ਹੈ ਇਸ ਲਈ ਇਸ ਦਾ ਸੁਆਦ ਭੀ ਅਨਭਵ ਅੰਦਰ ਹੀ ਮਾਣਿਆ ਜਾ ਸਕਦਾ ਹੈ। ਪਰੰਤੂ ਇਸ ਦੀ ਰੂਪਕ ਕਲਾ ਭੀ ਵਿਸ਼ੇਸ਼ ਗੁਣ ਰਖਦੀ ਹੈ। ਇਸ ਦਾ ਸੰਗੀਤਕ ਲੋਰ, ਇਸ ਵਿਚ ਵਰਤੇ ਸ਼ਬਦਾਂ ਤੇ ਮੁਹਾਵਰਿਆਂ ਦੀ ਰੌਚਕਤਾ ਅਤੇ ਬੋਲੀ ਦੀ ਮਿਠਾਸ ਤੇ ਸ੍ਰੇਸ਼ਟਤਾ, ਇਸ ਦੇ ਭਾਵ ਚਿਤਰਾਂ ਤੇ ਪ੍ਰਭਾਵ ਪੂਰਤ ਵਿਚਾਰਾਂ ਨਾਲ ਮਿਲਕੇ ਇਸ ਨੂੰ ਅਤੀ ਰਸਦਾਇਕ ਅੰਮ੍ਰਿਤਧਾਰਾ ਦਾ ਦਰਜਾ ਦੇਂਦੇ ਹਨ ਜੋ ਗੁਰੂ ਅਰਜਨ ਜੀ ਵਰਗੇ 'ਬਾਣੀ ਦੇ ਬੋਹਿਥੇ' ਦੀ ਭਠ ਤਪਦੇ ਸੰਸਾਰ ਨੂੰ ਸੀਤਲਤਾ ਦੀ ਦੇਣ ਹੈ। ਇਹ ਬਾਣੀ ਆਪਣੇ ਆਪ ਵਿਚ ਉਹੀ ਸ਼ਾਂਤੀ ਦੇਣ ਵਾਲਾ ਹਰਿਨਾਮ ਹੈ ਜਿਸ ਬਾਰੇ ਆਪ ਨੇ ਕਿਹਾ ਸੀ।

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ੧੦੯

ਆਪ ਦੀ ਰਚਨਾ ਦਾ ਵਧੇਰੇ ਹਿਸਾ ਬ੍ਰਿਜ ਭਾਖਾ ਤਥਾ ਸਾਧ ਭਾਖਾ ਵਿਚ ਉਚਰਿਆ ਹੋਇਆ ਹੈ । ਆਪਨੇ ਸਹਸਕ੍ਰਿਤੀ ਤੇ ਗਾਥਾ ਵਿਚ ਭੀ ਸਲੋਕ ਲਿਖੇ ਹਨ ਅਤੇ ਠੇਠ ਪੰਜਾਬੀ ਤੇ ਇਸ ਦੀਆਂ ਉਪ ਭਾਖਾਵਾਂ ਮਾਲਵੀ ਲਹਿੰਦੀ ਆਦਿ ਨੂੰ ਭੀ ਖੁਲੇ ਤੌਰ ਵਰਤਿਆ ਹੈ । ਸਿੰਧੀ ਤਥਾ ਡਖਣੀ ਨੂੰ ਭੀ ਯੋਗ ਥਾਉ ਦਿਤਾ ਹੈ । ਖਾਸ ਤੌਰ ਵੇਖਣ ਵਾਲੀ ਗੱਲ ਆਪ ਦਾ ਇਹਨਾਂ ਸਾਰੀਆਂ ਭਾਖਾਵਾਂ ਤੇ ਪੂਰਨ ਕੰਟਰੋਲ ਹੈ । ਜਿਸ ਭਾਖਾ ਨੂੰ ਭੀ ਆਪ ਨੇ ਲਿਆ ਹੈ ਉਸ ਨੂੰ ਐਉਂ ਵਰਤਿਆ ਹੈ ਜਿਵੇਂ ਇਹ ਆਪ ਦੀ ਮਾਤ ਭਾਖਾ ਸੀ । ਇਸ ਦੇ ਮੁਹਾਵਰੇ ਸ਼ਬਦ ਚੋਣ ਅਤੇ ਇਹਨਾਂ ਦੇ ਵਰਤਣ ਵਿਚ ਬੋਲੀ ਦੀ ਰਵਾਨਗੀ ਤੇ ਸੁਅਛਤਾ ਇਤਨੇ ਸਪਸ਼ਟ ਹਨ ਕਿ ਆਪ ਦੇ ਇਹਨਾਂ ਬੋਲੀਆ ਦੇ ਭਾਖਾ ਗਿਆਨ ਉਤੇ ਕੋਈ ਕਿੰਤੂ ਨਹੀਂ ਕਰ ਸਕਦਾ । ਆਪ ਦੀਆਂ ਜੈਤਸਰੀ ਅਤੇ ਮਾਰੂ ਡਖਣੇ ਦੀਆਂ ਵਾਰਾਂ ਵਿਚ ਆਪ ਨੇ ਠੇਠ ਪੰਜਾਬੀ ਸਹਸਕ੍ਰਿਤੀ ਅਤੇ ਡਖਣੀ ਇਕ ਸਮਾਨ ਵਰਤਕੇ ਆਪਨੀ ਭਾਖਾ ਵਿਦਵਤਾ ਦਾ ਕਮਾਲ ਦਸਿਆ ਹੈ । ਲੋੜ ਅਨੁਸਾਰ ਅਰਬੀ ਤੇ ਫਾਰਸੀ ਦੇ ਸ਼ਬਦ ਵਰਤਨ ਵਿਚ ਭੀ ਕਮਾਲੀਅਤ ਨੂੰ ਹਥ ਲਾਇਆ ਹੈ । ਇਹ ਸਭ ਆਪ ਦੇ ਭਾਖਾ ਗਿਆਨ ਦੀ ਬਹੁਤ ਉਚੇਰੀ ਸੂਝ ਦੇ ਲਖਾਇਕ ਹਨ ।

ਗੁਰੂ ਅਰਜਨ ਜੀ ਦੀ ਪ੍ਰਭੂ ਸਿਕ

ਆਪ ਦੇ ਅੰਦਰ ਪ੍ਰਭੂ ਪਿਆਰ ਦਾ ਜਜ਼ਬਾ ਕਿਤਨਾ ਤੀਖਣ ਸੀ, ਇਸ ਦੀਆਂ ਕਈ ਮਿਸਾਲਾਂ ਪਿਛੇ ਭੀ ਆ ਚੁਕੀਆਂ ਹਨ, ਪ੍ਰੰਤੂ ਆਪ ਦੀ ਸੁਹਿਰਦਤਾ, ਕੋਮਲਤਾ ਤੇ ਨਿਰਮਾਣਤਾ, ਆਪ ਦਾ ਸਦੀਵ ਕਾਲ ਪ੍ਰਭੂ ਪ੍ਰਾਇਨ ਹੋਏ ਰਹਿਣ ਉਤੇ ਸਿਦਕ, ਆਪ ਦੇ ਮਨ ਦਾ ਟਿਕਾਉ ਤੇ ਅਡੋਲਤਾ ਅਤੇ ਆਪ ਦੇ ਅੰਦਰ ਅਜਰ ਜਰਨ ਦੀ ਸ਼ਕਤੀ ਇਤਨੇ ਪ੍ਰਭਾਵ ਪੂਰਤ ਹਨ ਕਿ ਮਨੁਖ ਦੀ ਅਕਲ ਚਕ੍ਰਿਤ ਰਹਿ ਜਾਂਦੀ ਹੈ । ਇਹ ਤਾਂ ਉਹ

ਹੀ ਜਾਣਦੇ ਹਨ ਕਿ ਇਸ ਦੀ ਤੈਹ ਵਿਚ ਕੀ ਸੀ, ਪਰੰਤੂ ਜਿਥੇ ਤਕ ਗੁਰੂ ਅਰਜਨ ਦੇਵ ਜੀ ਦੇ ਆਪਣੇ ਕਥਨ ਸਾਖੀ ਹਨ, ਇਹ ਆਪ ਦੇ ਰੋਮ ਰੋਮ ਅੰਦਰ ਰਚ ਚੁਕੀ ਪ੍ਰਭੂ ਪਿਆਰ ਦੀ ਡੂੰਘੀ ਲਗਨ ਸੀ ਜਿਸ ਨੇ ਆਪ ਦੇ ਅਤੇ ਪ੍ਰਭੂ ਦੇ ਵਿਚਾਲੇ ਦਿਸਦੀ ਭਿੰਨਤਾ ਨੂੰ ਖਤਮ ਕਰ ਦਿਤਾ ਹੋਇਆ ਸੀ ਸ਼ਾਇਦ ਇਸੇ ਤੋਂ ਪ੍ਰਭਾਵਤ ਹੋਕੇ ਮਥੁਰਾ ਭਟ ਨੇ ਕਿਹਾ ਸੀ :

'ਭਨਿ ਮਥੁਰਾ ਕਛੁ ਭੇਦੁ ਨਹੀਂ ਗੁਰੁ ਅਰਜੁਨੁ ਪਰਤਖ ਹਰਿ' ੧੪੦੯

ਆਪ ਆਪਣੇ ਪਿਆਰ ਜਜ਼ਬੇ ਦੇ ਸਨਮੁਖ ਹੀ ਪੁਛ ਕਰਦੇ ਹਨ :

'ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ' ੧੩੨

ਆਪ ਨੂੰ ਪ੍ਰੀਤਮ ਪ੍ਰਭੂ ਦਾ ਵਿਛੋੜਾ ਜੰਬੂਰਾਂ ਦੀ ਪੀੜਾ ਤੋਂ ਭੀ ਵਧੇਰੇ ਦੁਖਦਾਈ ਪ੍ਰਤੀਤ ਹੁੰਦਾ ਹੈ :

'ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ੫੨੦

ਵਿਛੋੜੇ ਦੀ ਸਰੋਦ ਹੀ ਅਤਿ ਦੁਖਦਾਈ ਹੈ :

'ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ
ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੇਦਿ ੧੦੦

ਆਪ ਕਹਿੰਦੇ ਹਨ :

ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ
ਤਿਸੁ ਸਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ ੧੦੯

ਮੇਲ ਪ੍ਰਾਪਤ ਕਰਨ ਦੇ ਖਿਆਲ ਨੂੰ ਆਪਣੇ ਭਾਂਤ ੨ ਦੇ ਅਲੰਕਾਰਾਂ ਵਿਚ ਪਾਕੇ ਗਾਵਿਆਂ ਹੈ। ਕੁਦਰਤ ਦੀ ਰੰਗਾ ਰੰਗੀ ਉਪਜ ਅੰਦਰ ਆਪ ਇਹ ਪਿਆਰ ਖਿਚ ਅਨਭਵ ਕਰਦੇ ਹਨ ਅਤੇ ਉਨਾਂ ਦੀ ਬਿਰਹੁੰ

ਤੜਪ ਨੂੰ ਆਤਮਾ ਦੇ ਪਰਮਾਤਮਾ ਲਈ ਪਿਆਰ ਨਾਲ ਤੁਲਨਾ ਦੇਂਦੇ ਹੋਏ ਇਸ ਮਿਠੀ ਤੇ ਸੁਆਦਲੀ ਪਿਆਰ ਪੀੜਾ ਨੂੰ ਵਾਰ ਵਾਰ ਦਰਸਾਉਂਦੇ ਹਨ:

'ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ
ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ
ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ' ੧੦੮

'ਖੀਰ ਅਧਾਰਿ ਬਾਰਿਕ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ
ਸਾਰਿ ਸਮਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ
ਹਮ ਬਾਰਿਕ ਪਿਤਾ ਪ੍ਰਭੁ ਦਾਤਾ
ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਾਹੀ ਜਹ ਜਾਤਾ ੧੨੬੬

ਪਿਆਰੇ ਦੀ ਪ੍ਰੀਤ ਅੰਦਰ ਪੰਛੀਆਂ ਵਾਂਙ ਵਾਯੂ ਮੰਡਲ ਅੰਦਰ ਉਸਦੀ ਭਾਲ ਦਾ ਕਿਤਨਾ ਸੁੰਦਰ ਚਿੱਤਰ ਖਿਚਿਆ ਹੈ:

'ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ
ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ੧੪੨੬

ਅਤੇ ਕਹਿੰਦੇ ਹਨ:

'ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ' ੧੦੩

ਜਿਨਾਂ ਨੂੰ ਮਿਲਿਆ ਹੈ ਉਨ੍ਹਾਂ ਦੀ ਦਰਸ ਲੀਨਤਾ ਤੱਕ ਆਪ ਜੁੜਨ ਦੇ ਇਛਕਾਂ ਨੂੰ ਇਉਂ ਸੂਚਨਾ ਦੇਂਦੇ ਹਨ:

'ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ੧੩੬੨

ਪਿਆਰੇ ਦੀ ਸੁੰਦਰਤਾ ਦੀ ਵਡਿਆਈ ਕਰਦੇ ਹੋਏ ਕਹਿੰਦੇ ਹਨ ਕਿ ਪਿਆਰਾ ਮੈਨੂੰ ਸੁਪਨੇ ਵਿਚ ਮਿਲਿਆ, ਮੈਂ ਉਠ ਖੜੋਤੀ। ਮੈਨੂੰ ਚਾਹੀਦਾ ਸੀ ਕਿ ਮੈਂ ਪਿਆਰੇ ਦਾ ਪੱਲਾ ਫੜ ਲੈਂਦੀ, ਪਰ ਮੈਂ ਤਾਂ ਉਸ ਦੀ ਸੁੰਦਰਤਾ ਵੇਖਣ ਸਾਰ ਅਜੇਹੀ ਮੋਹੀ ਤੇ ਠਗੀ ਗਈ ਕਿ ਮੈਨੂੰ ਪੱਲਾ ਫੜਨਾ ਭੁਲ ਹੀ ਗਿਆ। ਇਤਨੇ ਵਿਚ ਉਹ ਅਛੋਪਲਾ ਤੁਰ ਗਿਆ, ਹੁਣ ਮੈਂ ਉਸ ਦਾ ਖੁਰਾ ਢੂੰਡਦੀ ਫਿਰਦੀ ਹਾਂ :

'ਸੁਪਨੈ ਉਭੀ ਭਈ ਗਹਿਓ ਕੀ ਨ ਅੰਚਲਾ
ਸੁੰਦਰ ਪੁਰਖ ਬਿਰਾਜਿਤ ਪੇਖਿਮਨੁ ਬੰਚਲਾ।
ਖੋਜਉ ਤਾ ਕੇ ਚਰਣ ਕਹਹੁ ਕਤ ਪਾਈਐ
ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ। ੧੩੬੨

ਆਪ ਨੇ ਆਪਣੇ ਪਿਆਰ ਨੂੰ ਪੰਜਾਬ ਦੇ ਦੱਖਣ ਵਿਚ ਬੋਲੀ ਜਾਂਦੀ ਬੋਲੀ ਅੰਦਰ, ਜੋ ਪਿਆਰ ਪੀੜਾ ਦੱਸਣ ਲਈ ਬੜੇ ਢੁਕਵੇਂ ਤੇ ਮਿਠੇ ਸ਼ਬਦਾਂ ਨਾਲ ਭਰਪੂਰ ਹੈ ਇਉਂ ਗਾਵਿਆ ਹੈ :

ਤੂ ਚਉ ਸਜਣ ਮੈਡਿਆ ਡੇਈ ਸਿਸ ਉਤਾਰ
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ।
ਨੀਹੁ ਮਹਿੰਜਾ ਤਉ ਨਾਲਿ ਬਿਆ ਨੇਹ ਕੂੜਾਵੇ ਡੇਖੁ
ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ।
ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ
ਕਾਜਲੁ ਹਾਰ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ। ੧੦੯੪

ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ
ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ' ੧੧੦੮

ਪ੍ਰਭੂ ਮੇਲ ਦੇ ਅਨੰਦ ਨੂੰ ਆਪ ਇਉਂ ਕਥਦੇ ਹਨ :

'ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ
ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ
ਆਨੰਦ ਅਨ ਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ
ਤਹ ਰੋਗ ਸੋਗ ਨ ਦੂਖ ਬਿਆਪੈ ਜਨਮ ਮਰਣ ਨ ਤਹਾ
ਰਿਧਿ ਸਿਧਿ ਸੁਧਾ ਰਸ ਅੰਮ੍ਰਿਤ ਭਗਤਿ ਭਰੇ ਭੰਡਾਰਾ
ਬਿਨਵੰਤ ਨਾਨਕ ਬਲਿਹਾਰ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ' ੮੪੬

ਅਤੇ ਕਰਤਾ ਪੁਰਖ ਨੂੰ ਘਰ ਆਇਆ ਤਕ ਆਪ ਨੂੰ ਨਿਸਚਾ ਹੋ ਗਿਆ ਹੈ ਕਿ ਹੁਣ ਪਿਆਰ ਅੰਦਰ ਭੰਗ ਪਾਉਣ ਵਾਲਾ ਕੋਈ ਅਨਸਰ ਇਥੇ ਟਿਕ ਨਹੀਂ ਸਕਦਾ, ਇਸ ਲਈ ਆਪ ਬੜੇ ਜਬ੍ਹੇ ਤੇ ਦਬਾਓ ਨਾਲ ਅਜੇਹੇ ਵਿਰੋਧੀ ਅਨਸਰਾਂ ਨੂੰ ਨਸ ਜਾਣ ਦੀ ਸੂਚਨਾ ਦੇਂਦੇ ਹਨ :

'ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ
ਦੂਤਹ ਦਹਨੁ ਭਇਆ ਗੋਵਿੰਦ ਪ੍ਰਗਟਾਇਆ
ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧ ਸੰਗਿ ਵਖਾਣਿਆ
ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ
ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ
ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ' ੪੬੦

ਆਪ ਦਾ ਪ੍ਰੀਤਮ ਲਈ ਪਿਆਰ ਇਤਨਾ ਡੂੰਘਾ ਹੈ ਕਿ ਆਪ ਇਸ ਪਿਆਰ ਉਤੋਂ ਸਾਰੇ ਸੁਖ ਵਾਰ ਸੁਟਣ ਦੀ ਸੂਚਨਾ ਦੇਂਦੇ ਹਨ। ਪ੍ਰੀਤਮ ਦੇ ਮੇਲ ਵਿਚ ਬੀਤੀ ਸੁਹਾਗ ਦੀ ਘੜੀ ਤੋਂ ਆਪ ਸਾਰੀਆਂ ਖੁਸ਼ੀਆ ਨਿਛਾਵਰ ਕਰ ਦੇਂਦੇ ਹਨ :

'ਵਾਰਿ ਵਾਰਉ ਅਨਿਕ ਡਾਰਉ ਸੁਖ ਪ੍ਰਿਅ ਸੁਹਾਗ ਪਲਕ ਰਾਤ
ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ
ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ
ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ' ੧੩੦੬

ਆਪ ਦੇ ਖਿਆਲ ਵਿਚ ਪਤਿਬ੍ਰਤ ਇਸਤਰੀ ਦਾ ਆਪਣੇ ਭਰਤੇ ਲਈ ਪਿਆਰ ਸਾਰੇ ਪਿਆਰਾਂ ਵਿਚ ਸਭ ਤੋਂ ਵਧ ਕੋਮਲ, ਡੂੰਘਾ, ਰਸਭਿੰਨਾ ਤੇ ਸਿਦਕ ਭਰਿਆ ਹੈ। ਇਸ ਪਿਆਰ ਅੰਦਰ ਭਰਤੇ ਦਾ ਸਤਕਾਰ ਭੀ ਹੈ ਅਤੇ ਭਰਤੇ ਉਤੇ ਪਤਨੀ ਦੇ ਜੀਵਨ ਪ੍ਰਾਣਾ ਦਾ ਆਸਰਾ ਹੋਣ ਦਾ ਭਰੋਸਾ ਭੀ ਹੈ। ਪਤੀ ਦਾ ਵਿਛੋੜਾ ਪਤਨੀ ਦੇ ਦਿਲ ਦੀਆਂ ਅਤਿ ਕੋਮਲ ਤਰਬਾਂ ਨੂੰ ਛੇੜਦਾ ਅਤੇ ਆਪਣੇ ਨਿਤਾਣੇ ਤੇ ਨਿਆਸਰੇ ਹੋਣ ਦਾ ਡੂੰਘਾ ਅਹਿਸਾਸ ਪੈਦਾ ਕਰਦਾ ਹੈ, ਇਹੋ ਜਿਹੀ ਅਨੁਭਵਤਾ ਹੋਰ ਕਿਸੇ ਪਿਆਰ ਅੰਦਰ ਨਹੀਂ। ਇਹੋ ਕਾਰਨ ਹੈ ਕਿ ਗੁਰੂ ਜੀ ਨੇ ਆਪਣੇ ਪ੍ਰਭੂ ਪਿਆਰ ਨੂੰ ਚੇਰੀ ਰੂਪ ਹੋ ਗਾਇਆ ਹੈ। ਪ੍ਰਭੂ ਨੂੰ ਆਪਣਾ ਕੰਤ ਜਾਣ ਪਿਆਰਨ ਵਿਚ ਇਕ ਹੋਰ ਵਡਿਆਈ ਹੈ ਕਿ ਇਹ ਕੰਤ ਜਦੋਂ ਪਤਨੀ ਨੂੰ ਆਪਣਾ ਕਰ ਲਵੇ ਤਾਂ ਫਿਰ ਵਿਛੋੜਾ ਨਹੀਂ ਪੈਂਦਾ:

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੇ ੨੪੨

ਦੁਨਿਆਵੀ ਪਤੀ ਤਾਂ ਮੰਨ ਕੇ ਰੁਸ ਭੀ ਜਾਂਦੇ ਹਨ ਅਤੇ ਸਰੀਰ ਤਿਆਗ ਜਾਣ ਤੇ ਸਦੀਵੀ ਵਿਛੋੜਾ ਦੇ ਦੇਂਦੇ ਹਨ, ਪਰੰਤੂ ਇਸ ਪਤੀ ਦੀ ਇਹ ਖੂਬੀ ਹੈ ਕਿ ਇਕ ਵੇਰ ਆਪਣਾ ਬਣ ਮੁੜਕੇ ਰੁਸਦਾ ਨਹੀਂ ਅਤੇ ਨ ਮੌਤ ਹੀ ਇਸ ਨੂੰ ਦੂਰ ਕਰ ਸਕਦੀ ਹੈ। ਕਿਉਂਕਿ ਇਹ ਆਤਮਕ ਮੇਲ ਹੈ, ਸਰੀਰਕ ਨਹੀਂ ਅਤੇ ਕਿਉਂਕਿ ਆਤਮਾ ਅਮਰ ਹੈ ਅਤੇ ਪ੍ਰਭੂ ਪਤੀ ਭੀ ਅਬਨਾਸੀ ਹੈ ਇਸ ਲਈ ਇਕ ਵੇਰ ਮੇਲ ਹੋ ਜਾਣ ਤੇ ਫਿਰ ਵਿਛੋੜੇ ਦਾ ਭੈ ਬਲਕਿ ਖਿਆਲ ਹੀ ਨਹੀਂ ਹੋ ਸਕਦਾ:

ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ

ਇਸ ਕੰਤ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਇਹ ਸਦਾ ਨਵਤਨ ਨੌਜਵਾਨ ਰਹਿੰਦਾ ਹੈ, ਇਸ ਲਈ ਇਸ ਦਾ ਦਰਸ਼ਨ ਹੀ ਐਸਾ ਹੈ ਕਿ ਜਦੋਂ

ਵੀ ਹੋਵੇ ਮੋਹਿਤ ਕਰ ਲੈਂਦਾ ਹੈ। ਗੁਰੂ ਜੀ ਨੇ ਉਸ ਦੀ ਸੁੰਦਰਤਾ ਨੂੰ ਇਉ ਗਾਇਆ ਹੈ:

> ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ
> ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ। ੫੪੨

'ਅਤੇ ਸਦਾ ਰੰਗੀਲਾ ਲਾਲੁ ਪਿਆਰਾ'। ਫਿਰ ਕਹਿੰਦੇ ਹਨ 'ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ,' ਅਤੇ ਜਿਸ ਵੱਲ ਉਹ ਨਿਮਖ ਭਰ ਨਜ਼ਰ ਕਰਕੇ ਵੇਖ ਲੈਂਦਾ ਹੈ 'ਪ੍ਰਭ ਪਲਕ ਪੇਖਤ ਨਵ ਨਿਧੇ'। ਉਸ ਦਾ ਹਿਰਦੇ ਰੂਪ ਵੇਹੜੇ ਵਿਚ ਇਕ ਫੇਰਾ ਸਾਰੀ ਧਰਤ ਨੂੰ ਦਿਲਕਸ਼ ਬਣਾ ਦੇਂਦਾ ਹੈ: 'ਜੇ ਤੂੰ ਵਤਹਿ ਅੰਙਣੇ ਹਭਧਰਤਿ ਸੁਹਾਵੀ ਹੋਇ', ਆਪ ਨੂੰ ਉਸਦਾ ਘਰ ਆਵੜਨਾ ਕਿਸ ਤਰ੍ਹਾਂ ਚਾ ਚਾੜ੍ਹ ਦੇਂਦਾ ਹੈ:

> ਧਨਿ ਧਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ
> ਸੋਹੇ ਬੰਕ ਦੁਆਰ ਸਗਲਾ ਬਨੁ ਹਰਾ।
> ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ
> ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ
> ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ
> ਨਾਨਕ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ੮੪੦

ਗੁਰੂ ਅਰਜਨ ਦਾ ਸਿਦਕ

ਗੁਰੂ ਅਰਜਨ ਜੈਸੇ ਕੋਮਲ ਭਾਵਾਂ ਵਾਲਾ ਦਿਲ ਅਕਸਰ ਬਹੁਤ ਠੰਡਾ, ਨਿਰ ਛਲ ਅਤੇ ਪਰਾਈ ਪੀੜ ਦਾ ਦਰਦ ਰਖਣ ਵਾਲਾ ਹੁੰਦਾ ਹੈ। ਉਸ ਦੇ ਅੰਦਰ ਦੀ ਸੀਤਲਤਾ ਸਦਕਾ ਉਸ ਦੀ ਸਹਿਣ ਸ਼ਕਤੀ ਇਤਨੀ ਬਲਵਾਨ ਹੋਈ ਹੁੰਦੀ ਹੈ ਕਿ ਉਸ ਨੂੰ ਕਿਸੇ ਪਰਕਾਰ ਦੀ ਸਰੀਰਕ ਜਾ ਮਨ ਦੀ ਪੀੜ ਡੁਲਾ ਨਹੀ ਸਕਦੀ ਅਤੇ ਨਾ ਇਸ ਪੀੜ ਦੇ ਹਰਨ ਲਈ ਉਹ

ਵਿਰੋਧੀ ਦਾ ਬੁਰਾ ਮੰਗਦਾ ਹੈ । ਉਸ ਦਾ ਸੁਭਾ 'ਸਭ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ' ਦਾ ਬਣ ਚੁਕਾ ਹੁੰਦਾ ਹੈ ਅਤੇ ਉਸ ਦਾ ਆਦਰਸ਼ ਹੁੰਦਾ ਹੈ

'ਮਨ ਅਪੁਨੇ ਤੇ ਬੁਰਾ ਮਿਟਾਨਾ
ਪੇਖੈ ਸਗਲ ਸ੍ਰਿਸਟਿ ਸਾਜਨਾ'

'ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' । ੧੨੯੯

ਆਪ ਦੇ ਇਹ ਸਾਰੇ ਕਥਨ ਨਿਰਾ ਕਹਿਣ ਮਾਤਰ ਹੀ ਨਹੀਂ ਸਨ ਬਲਕਿ ਆਪ ਦੇ ਜੀਵਨ ਦੀ ਇਕ ੨ ਘਟਨਾ ਆਪ ਦੇ ਇਨ੍ਹਾ ਕਥਨਾਂ ਦਾ ਅਮਲੀ ਰੂਪ ਹੈ । ਸੁਲਹੀ ਖਾਨ ਆਪ ਉਤੇ ਫੌਜ ਚਾੜ੍ਹ ਲਿਆਇਆ ਹੈ ਰੀਪੋਰਟਰ ਇਤਲਾਹ ਭੇਜਦੇ ਹਨ ਤੇ ਸਲਾਹ ਦੇਂਦੇ ਹਨ ਕਿ ਚਿਠੀ ਘੱਲ ਕੇ ਜਾਂ ਆਦਮੀ ਭੇਜ ਕੇ ਉਸ ਨੂੰ ਪੁਛੋ ਕਿ ਹਮਲੇ ਦਾ ਕੀ ਕਾਰਨ ਹੈ ਅਤੇ ਆਪਨੇ ਬਚਾ ਦਾ ਉਪਾਓ ਕਰੋ । ਪਰ ਆਪਦੇ ਮਨ ਦੀ ਸੀਤਲਤਾ ਤੇ ਧੀਰਜ ਆਪ ਨੂੰ ਰਤਾ ਭਰ ਭੀ ਨਹੀਂ ਡੋਲਣ ਦੇਂਦੇ, ਇਸ ਬਾਰੇ ਆਪ ਇਸ ਤਰਾਂ ਲਿਖਦੇ ਹਨ :

'ਪ੍ਰਿਥਮੇ ਮਤਾ ਜਿ ਪਤ੍ਰੀ ਚਲਾਵਉ—ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ, ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ'

ਆਪ ਨੇ ਹੀ ਕਥਿਆ ਸੀ :

'ਮਤਾ ਮਸੂਰਤਿ ਅਵਰ ਸਿਆਨਪ ਤੇਰੇ ਜਨ ਕਉ ਕਛੂ ਨ ਆਇਓ ।
ਜਹ ਜਹ ਅਉਸਰ ਆਇ ਬਨਿਓ ਹੈ ਤਹਾ ਤਹਾ ਹਰਿ ਧਿਆਇਓ
ਪ੍ਰਭ ਕੋ ਭਗਤਿ ਵਛਲੁ ਬਿਰਦਾਇਓ' ੪੯੮ ੩੭੧

ਆਪ ਦੇ ਬਚੇ ਹਰਿ ਗੋਬਿੰਦ ਜੀ ਨੂੰ ਜ਼ਹਿਰ ਦੇ ਕੇ ਮਾਰ ਦੇਣ ਦੇ ਉਪਾ ਕੀਤੇ ਜਾਂਦੇ ਹਨ । ਦੋਸ਼ੀ ਨੰਗੇ ਹੋ ਜਾਂਦੇ ਹਨ, ਪ੍ਰੰਤੂ ਆਪ ਰਤਾ ਭਰ ਤੈਸ਼ ਵਿਚ ਨਹੀਂ ਆਉਂਦੇ ਅਤੇ ਅਜਿਹੇ ਅਪਰਾਧੀ ਭੀ ਮੁਆਫ ਕੀਤੇ ਜਾਂਦੇ ਹਨ । ਆਪ ਸਿਰ ਸੜਦੀ ਰੇਤ ਪੈਂਦੇ ਤੇ ਆਪ ਨੂੰ ਉਬਲਦੀ ਦੇਗ ਵਿਚ ਬੈਠੇ ਵੇਖ ਸਾਈਂ ਮੀਆਂ ਮੀਰ ਤੜਪ ਉਠਦਾ ਹੈ ਅਤੇ ਇਸ ਦੇ ਵਿਰੁਧ ਆਵਾਜ਼ ਉਠਾਉਣਾ ਚਾਹੁੰਦਾ ਹੈ । ਪਰ ਆਪ ਉਸ ਨੂੰ ਰੋਕ ਦੇਂਦੇ ਹਨ ।

ਆਪ ਨੇ ਹੀ ਰਾਮ ਸਰ ਦੇ ਕੰਢੇ ਬੈਠ ਸ੍ਰੀ ਸੁਖਮਨੀ ਦੀ ਰਚਨਾ ਕਰਦੇ ਹੋਏ ਕਿਹਾ ਸੀ :

'ਪ੍ਰਭ ਕੀ ਆਗਿਆ ਆਤਮ ਹਿਤਾਵੈ—ਜੀਵਨ ਮੁਕਤਿ ਸੋਊ ਕਹਾਵੈ
ਤੈਸਾ ਹਰਖੁ ਤੈਸਾ ਉਸੁ ਸੋਗੁ—ਸਦਾ ਅਨੰਦੁ ਤਹ ਨਹੀ ਬਿਓਗੁ'

ਸਮਾਂ ਆਇਆ ਜਦੋਂ ਆਪ ਨੇ ਅਮਲੀ ਤੌਰ ਸਦਾ ਅਨੰਦ ਰਹਿਣ ਅਤੇ ਪ੍ਰਭੂ ਦੀ ਆਗਿਆ ਦਿਲ ਕਰ ਕੇ ਪਿਆਰਨ ਦਾ ਸਬੂਤ ਦੇ ਕੇ ਦੁਨੀਆਂ ਨੂੰ 'ਜੀਵਨ ਮੁਕਤਿ' ਹੋਣ ਦੀ ਜਾਚ ਦਸੀ। ਆਪ ਦੇ ਪੋਤੇ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਾਹਮਣੇ ਅ ਪ ਦਾ ਹੀ ਚਿੱਤਰ ਸੀ ਜਦੋਂ ਉਨ੍ਹਾਂ ਨੇ ਉਚਾਰਿਆ :

'ਜੋ ਨਰੁ ਦੁਖ ਮੈ ਦੁਖੁ ਨਹੀਂ ਮਾਨੈ
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ' ਸੋਰਠ

ਇਹੋ ਦੁਖ ਅਤੇ ਸੁਖ, ਹਰਖ ਅਤੇ ਸ਼ੋਕ ਦੋਨਾਂ ਵਲੋਂ ਮਨ ਬਿਰਤੀ ਦਾ ਅਭਾਵ ਹੋਣਾ ਹੈ। ਕੀ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਬਾਰੇ ਹੀ ਇਹ ਭਵਿਖ ਬਾਣੀ ਉਚਾਰ ਰਹੇ ਸਨ ਜਦੋਂ ਆਪ ਨੇ ਲਿਖਿਆ :

'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ'

ਮਾਰੂ ਮਹਲਾ ੫

ਐਸੀ ਦਸ਼ਾ ਅੰਦਰ ਪ੍ਰਵੇਸ਼ ਹੋਣ ਬਾਰੇ ਗੁਰੂ ਜੀ ਇਕ ਗੁਰ ਦਸਦੇ ਹਨ

ਜੋ ਕਿਛੁ ਹੋਆ ਸੁ ਤੇਰਾ ਭਾਣਾ—ਜੋ ਇਵ ਬੂਝੈ ਸੋ ਸਹਜਿ ਸਮਾਣਾ'

ਫਿਰ ਆਪ ਕਹਿੰਦੇ ਹਨ :

'ਭਾਣਾ ਮੰਨੇ ਸਦਾ ਸੁਖੁ ਹੋਇ'

ਮਨੁਖ ਇਉਂ ਸਮਝੇ ਕਿ ਜੋ ਵਾਹਿਗੁਰੂ ਜੀ ਨੂੰ ਭਾਇਆ ਹੈ ਓਹੋ ਵਰਤਿਆ ਹੈ

ਜੋ ਤਿਸੁ ਭਾਣਾ ਸੋਈ ਹੂਆ ਗਉੜੀ ਮ: ੧ ੧੫੪

ਅਤੇ ਜੋ ਉਸ ਨੂੰ ਭਾਇਆ ਹੈ ਓਹ ਭਲਾ ਹੈ

ਜੋ ਕੀਨੀ ਕਰਤਾਰਿ ਸਾਈ ਭਲੀ ਗਲ ਮ: ੫

ਤਾਂ ਫਿਰ ਉਸ ਉਤੇ ਹੀਲ ਹੁਜਤ, ਗਿਲਾ ਗੁਜ਼ਾਰੀ ਜਾਂ ਝੋਰਾ ਕਰਨਾ ਮਨੁਖ ਨੂੰ ਫਬਦਾ ਨਹੀਂ। ਇਹ ਉਸ ਉਤੇ ਔਖਾ ਨਾ ਹੋਵੇ ਬਲਕਿ ਉਸ ਨੂੰ ਖਿੜੇ ਮਥੇ ਮੰਨ ਲਵੇ ਅਤੇ ਇਉਂ ਸੋਚੇ ਕਿ ਇਹ ਮੇਰੇ ਪ੍ਰਭੂ ਦਾ ਕੀਤਾ ਹੋਇਆ ਹੈ, ਉਸ ਨੂੰ ਇਉਂ ਹੀ ਭਾਇਆ ਹੈ, ਇਹ ਉਸ ਦੀ ਮਰਜ਼ੀ ਦੇ ਮੁਤਾਬਿਕ ਹੈ ਇਸ ਲਈ ਇਹ ਚੰਗਾ ਹੈ। ਗੁਰੂ ਜੀ ਨੇ ਕਰਤਾ ਪੁਰਖ ਦੇ ਕੰਮਾਂ ਬਾਰੇ ਰਜ਼ਾ ਦਾ ਸ਼ਬਦ ਵਰਤਿਆ ਹੈ :

'ਜੋ ਕਿਛੁ ਵਰਤੈ ਸਭ ਤੇਰੀ ਰਜ਼ਾਇ' ਗਉੜੀ ਮ: ੧ ੧੫੧

ਅਤੇ 'ਸੋ ਕਰੈ ਜਿ ਤਿਸੈ ਰਜ਼ਾਇ' ਆਸਾ ਮ: ੧

ਇਹ ਰਜ਼ਾ ਕੀ ਹੈ ? ਜਿਸ ਗੱਲ ਤੇ ਪ੍ਰਭੂ ਰਾਜ਼ੀ ਹੈ ਉਹ ਉਸ ਦੀ ਰਜ਼ਾ ਹੈ ਅਤੇ ਉਸ ਦਾ ਵਰਤਨਾ ਅਵੱਸ਼ ਹੈ। ਫਿਰ ਓਹ ਨਿਰਵੈਰ ਹੈ, ਕਿਸੇ ਦਾ ਦੋਖੀ ਨਹੀਂ ਅਤੇ ਇਹ ਭੀ ਉਸ ਦੀ ਵਡਿਆਈ ਹੈ ਕਿ ਓਹ ਨਿਆਏਕਾਰੀ ਹੈ ਕਿਸੇ ਨਾਲ ਨਾਜਾਇਜ਼ ਧੱਕਾ ਜਾਂ ਅਨਿਆਂ ਨਹੀਂ ਹੋਣ ਦੇਂਦਾ :

'ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ'
ਮਹਲਾ ੫

ਤਾਂ ਮਨੁਖ ਲਈ ਕਿਸੇ ਭੀ ਰਬੀ ਹੁਕਮ ਜਾਂ ਕਰਤਵ ਤੇ ਝੁਰਨਾ ਨਹੀਂ ਬਣਦਾ

'ਤਉ ਕੜੀਐ ਜੇ ਦੂਜਾ ਕਰਤਾ—ਤਉ ਕੜੀਐ ਜੇ ਅਨਿਆਇ ਕੋ ਮਰਤਾ
ਤਉ ਕੜੀਐ ਜੇ ਕਿਛ ਜਾਣੈ ਨਾਹੀ—ਕਿਆ ਕੜੀਐ ਜਾ ਭਰਪੁਰਿ ਸਮਾਹੀ
ਤਉ ਕੜੀਐ ਜੇ ਕਿਛੁ ਹੋਇ ਧਿਡਾਣੈ—ਤਉ ਕੜੀਐ ਜੇ ਭੂਲਿ ਰੰਞਾਣੈ
ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ—ਤਬ ਕਾੜਾ ਛੋਡਿ ਅਚਿੰਤ ਹਮ ਸੋਤੇ'
ਭੈਰਉ ਮ: ੫

ਸਹਿਜ ਆਦਰਸ਼

ਇਹੋ ਓਹ ਸਹਜ ਅਵਸਥਾ ਹੈ ਜਿਸ ਬਾਰੇ ਗੁਰੂ ਜੀ ਨੇ ਫਰਮਾਇਆ ਸੀ

'ਸਹਜ ਸੁਭਾਇ ਹੋਵੈ ਸੋ ਹੋਇ—ਕਰਣੈ ਹਾਰੁ ਪਛਾਣੈ ਸੋਇ'

'ਸ਼ਬਦਾਰਥ' ਨਾਮ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਪੋਥੀ ਵਿਚ ਸੰਪਾਦਕ ਸਹਜ ਬਾਰੇ ਇਉਂ ਲਿਖਦੇ ਹਨ :

"ਸਹਿਜ ਅਵਸਥਾ ਆਤਮਾ ਦੀ ਓਹ ਹਾਲਤ ਹੈ ਜੋ ਤਿੰਨਾ ਗੁਣਾਂ ਤੋਂ ਉੱਚੀ ਅਸਲ ਗਿਆਨ ਵਾਲੀ ਹੁੰਦੀ ਹੈ, ਜਿਸ ਵਿਚ ਆਤਮਾ ਸ਼ਾਂਤ ਤੇ ਅਡੋਲ ਹੋ ਕੇ ਆਪਣੇ ਅਸਲ ਰੂਪ ਵਿਚ ਟਿਕ ਜਾਂਦਾ ਹੈ। ਨੇਕੀ ਤੇ ਪਿਆਰ ਉਸ ਦੇ ਅੰਦਰੋਂ ਆਪੇ ਫੁਟ ਫੁਟ ਨਿਕਲਦਾ ਹੈ, ਸਾਰਾ ਜੀਵਨ ਦਿਖਾਵੇ ਤੋਂ ਰਹਿਤ ਹੁੰਦਾ ਹੈ, ਨੇਕੀ ਵੱਲ ਝੁਕਾਉ ਕਿਸੇ ਹਠ, ਲਾਲਚ ਜਾਂ ਦਬਾਉ ਕਰਕੇ ਨਹੀਂ, ਸੁਤੇ ਹੀ ਹੁੰਦਾ ਹੈ" ਜਿਨ੍ਹਾਂ ਤਿੰਨ ਗੁਣਾਂ ਦਾ ਉਪਰ ਜ਼ਿਕਰ ਆਇਆ ਹੈ ਉਸ ਬਾਰੇ ਆਪ ਲਿਖਦੇ ਹਨ :

'ਮਨੁੱਖ ਆਮ ਤੌਰ ਤੇ ਤਿੰਨ ਗੁਣਾਂ ਵਿਚ ਵਿਚਰਦੇ ਹਨ, ਜਦ ਮਨੁਖ ਅੰਦਰ ਖਾਹਸ਼ਾਂ ਭੜਕਦੀਆਂ ਹਨ ਤੇ ਉਨ੍ਹਾਂ ਦੀ ਪੂਰਤੀ ਲਈ ਉਹ ਦੌੜਦਾ ਫਿਰਦਾ ਹੈ ਉਸ ਅੰਦਰ ਰਜ ਗੁਣ ਜ਼ੋਰਾਂ ਵਿਚ ਹੁੰਦਾ ਹੈ । ਜਦ

ਉਹ ਗੁੱਸੇ ਜਾਂ ਈਰਖਾ ਅੰਦਰ ਫਿਰਦਾ ਹੈ ਉਹ ਪੂਰਨ ਹਨੇਰੇ ਵਿਚ ਹੈ, ਇਸ ਦਸ਼ਾ ਨੂੰ ਤਮ ਗੁਣ ਕਹਿੰਦੇ ਹਨ। ਕਈ ਵੇਰ ਮਨੁਖ ਛਡ ਛਡਾ ਕੇ ਵੈਰਾਗ ਮਈ ਹੋ ਜਾਂਦਾ ਹੈ ਤੇ ਸੰਸਾਰ ਦੇ ਦੁਖ ਸੁਖ ਉਸ ਤੇ ਅਸਰ ਨਹੀਂ ਕਰਦੇ, ਉਸ ਦੀ ਬਿਰਤੀ ਸਤ ਗੁਣ ਵਾਲੀ ਹੁੰਦੀ ਹੈ। ਗੁਰਮਤਿ ਵਿਚ ਇਨ੍ਹਾਂ ਤਿੰਨਾਂ ਤੋਂ ਉਤੇ ਸਹਜ ਪਦ ਜਾਂ ਚੌਥੀ ਅਵਸਥਾ ਹੈ ਜਿਥੇ ਗੁਰਮੁਖ ਪਹੁੰਚਦੇ ਹਨ।'

ਗੁਰੂ ਜੀ ਇਸ ਅਵਸਥਾ ਬਾਰੇ ਇਉਂ ਦਸਦੇ ਹਨ :

'ਸਹਜੇ ਜਾਗਣੁ ਸਹਜੇ ਸੋਇ-ਸਹਜੇ ਹੋਤਾ ਜਾਇ ਸੋ ਹੋਇ
ਸਹਜਿ ਬੈਰਾਗੁ ਸਹਜੇ ਹੀ ਹਸਨਾ - ਸਹਜੇ ਚੁਪ ਸਹਜੇ ਹੀ ਜਪਨਾ
ਸਹਜੇ ਭੋਜਨੁ ਸਹਜੇ ਭਾਉ - ਸਹਜੇ ਮਿਟਿਓ ਸਗਲ ਦੁਰਾਉ
ਸਹਜੇ ਹੋਆ ਸਾਧੂ ਸੰਗੁ—ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ - ਸਹਜੇ ਦੁਬਿਧਾ ਤਨ ਕੀ ਨਾਸੀ
ਜਾਕੈ ਸਹਜਿ ਮਨਿ ਭਇਆ ਅਨੰਦੁ - ਤਾ ਕਉ ਭੇਟਿਆ ਪਰਮਾਨੰਦੁ'

ਗਉੜੀ ਮਹਲਾ ੫

ਇਸ ਹਾਲਤ ਨੂੰ ਪੁਜੇ ਮਨੁਖ ਲਈ ਫਿਰ ਅਨੰਦ ਹੀ ਅਨੰਦ ਹੈ

'ਦੂਖੁ ਅੰਦੋਹੁ ਨਹੀ ਤਿਹਿ ਠਾਉ' ਰਵਦਾਸ ਜੀ

ਅਜੇਹੀ ਦਸ਼ਾ ਦੀ ਪ੍ਰਾਪਤੀ ਬਾਰੇ ਗੁਰੂ ਅਮਰ ਦਾਸ ਜੀ ਫਰਮਾਉਂਦੇ ਹਨਃ

'ਭਾਈ ਰੇ ਗੁਰ ਬਿਨ ਸਹਜੁ ਨਾ ਹੋਇ'
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ' ਸ੍ਰੀ ਰਾਗ

ਗੁਰੂ ਦਾ ਦਸਿਆ ਸ਼ਬਦ ਹੀ ਐਸੇ ਸਹਜ ਦੀ ਪ੍ਰਾਪਤੀ ਦਾ ਸਾਧਨ ਹੈ। ਸ਼ਬਦ ਦੇ ਸੁਨਣ ਤੋਂ ਹੀ ਸਹਜ ਵਲ ਲੱਗਣਾ ਹੁੰਦਾ ਹੈ :

'ਸੁਣਿਐ ਲਾਗੈ ਸਹਜਿ ਧਿਆਨੁ' ਜਪੁਜੀ

ਬਲਕਿ ਸ਼ਬਦ ਹੀ ਗੁਰੂ ਹੈ

ਜਦੋਂ ਸਿਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਕਿ ਤੁਸਾਡਾ ਗੁਰੂ

ਕੌਣ ਹੈ ਜਿਸ ਦੇ ਤੁਸੀ ਚੇਲੇ ਹੋ ਤਾਂ ਆਪ ਨੇ ਉਤਰ ਵਿਚ ਕਿਹਾ

'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ'

ਅਥਵਾ ਸ਼ਬਦ ਮੇਰਾ ਗੁਰੂ ਹੈ ਅਤੇ ਮੇਰੀ ਸੁਰਤ ਉਸਦਾ ਚੇਲਾ ਹੈ।

ਗੁਰਮਤਿ ਅੰਦਰ ਸਹਜ ਵਾਹਿਗੁਰੂ ਦੇ ਮੇਲ ਦਾ ਆਖਰੀ ਪੜਾਅ ਹੈ ਤੇ ਸਹਜ ਦੀ ਪ੍ਰਾਪਤੀ ਸ਼ਬਦ ਤੋਂ ਹੈ ਜਿਸ ਬਾਰੇ ਗੁਰੂ ਜੀ ਫਰਮਾਉਂਦੇ ਹਨ।

'ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ' ਮਹਲਾ ੪

'ਸਾਹਿਬ ਮੇਰਾ ਸਦਾ ਹੈ ਦਿਸੈ ਸਬਦ ਕਮਾਇ'

'ਮਹਲ ਮਹਿ ਬੈਠੇ ਅਗਮ ਅਪਾਰ
ਭੀਤਰਿ ਅੰਮ੍ਰਿਤ ਸੋਈ ਜਨ ਪਾਵੈ ਜਿਸ ਗੁਰ ਕਾ ਸਬਦੁ ਰਤਨੁ ਆਚਾਰ' ਮਹਲਾ੧

ਅਥਵਾ ਜੋ ਅਮੋਲ ਸ਼ਬਦ ਦੀ ਕਮਾਈ ਕਰਦਾ ਹੈ। ਸਾਧਾਰਨ ਬੋਲ ਚਾਲ ਅੰਦਰ ਕਮਾਈ ਸੰਬੰਧਤ ਹੈ ਮੇਹਨਤ ਮੁਸ਼ੱਕਤ ਅਤੇ ਘਾਲਣਾ ਨਾਲ, ਬਿਨਾ ਮੇਹਨਤ ਕੀਤੇ ਕਮਾਈ ਹੋਣੀ ਸੰਭਵ ਨਹੀਂ। ਇਸੇ ਤਰ੍ਹਾਂ ਸ਼ਬਦ ਦੀ ਕਮਾਈ ਭੀ ਕਰੜੀ ਮੇਹਨਤ ਮੰਗਦੀ ਹੈ, ਬਲਕਿ ਇਸ ਲਈ ਦੁਵੱਲੀ ਘਾਲ ਘਾਲਣੀ ਪੈਂਦੀ ਹੈ: ਸਰੀਰਕ ਘਾਲ ਅਤੇ ਮਨ ਬਿਰਤੀ ਦੀ ਘਾਲ, ਸਰੀਰਕ ਘਾਲ ਹੈ:

'ਭਲਕੇ (ਤੜਕੇ) ਉਠਿ ਹਰਿ ਨਾਮ ਧਿਆਵੈ':

'ਉਦਮੁ ਕਰੇ ਭਲਕੇ ਪਰਭਾਤੀ ਇਸਨਾਨ ਕਰੇ ਅੰਮ੍ਰਿਤਸਰ ਨਾਵੈ' ਮ:੪ ੩੦੫

ਪਿਛਲੀ ਰਾਤੀ ਜਾਗਣਾ ਅਤੇ ਇਸ਼ਨਾਨ ਕਰਨਾ, ਫਿਰ ਲਿਖਿਆ ਹੈ:

'ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤਿ ਪਾਏ'

'ਸਾਧ ਸੰਗਤ ਮਿਲਿ ਗਾਵਦੇ ਰਾਤਿ ਦਿਹ ਨਿਤ ਚਲ ਚਲ ਜਾਏ' ਭਾਈ ਗੁਰਦਾਸ

'ਸੇਵਾ ਕਰਤ ਹੋਇ ਨਿਹਕਾਮੀ' ਮਹਲਾ ੫

ਅਤੇ

'ਘਾਲਿ ਖਾਇ ਕਿਛੁ ਹਥਹੁ ਦੇਇ' ਮਹਲਾ ੧

ਦੂਜੀ ਹੈ ਮਨ ਬਿਰਤੀ ਦੀ ਘਾਲਣਾ ਜੋ ਸਰੀਰਕ ਘਾਲਣਾ ਤੋਂ ਭੀ ਕਠਨ ਹੈ। ਮਨੁਖੀ ਮਨ ਬਹੁਤ ਚੰਚਲ ਹੈ ਜੋ ਇਕ ਛਿਣ ਮਾਤਰ ਭੀ ਟਿਕ ਕੇ ਨਹੀਂ ਬੈਠਦਾ। ਇਸ ਨੂੰ ਆਪਣੇ ਆਪ ਤੋਂ ਬਾਹਰ ਨਸੱਣ ਨ ਦਿਤਾ ਜਾਵੇ ਃ

'ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ' ਮ: ੪

ਇਹ ਵਾਰ ਵਾਰ ਦੌੜ ਦੌੜ ਜਾਂਦਾ ਹੈ ਇਸ ਨੂੰ ਫਿਰ ੨ ਫੜ ਲਿਆਓ। ਇਸ ਨਾਲ ਜੁਧ ਰਚਾਈ ਰਖੋ 'ਮਨ ਸਿਉ ਲੂਝੈ', ਜਦੋਂ ਤਾਈਂ ਕਿ ਇਸ ਉਤੇ ਪੂਰੇ ਤੌਰ ਜਿੱਤ ਨਹੀਂ ਪਾਈ ਜਾਂਦੀ। ਇਸ ਨਾਲ ਜੂਝਨ ਵਾਸਤੇ ਵਡੇ ਹਥਿਆਰ ਹਨ: ਧਿਆਨ, ਇਕਾਗਰਤਾ, ਸਾਵਧਾਨਤਾ ਲਿਵਲੀਨਤਾ।

'ਧਿਆਨ ਰੂਪਿ ਹੋਇ ਆਸਣੁ ਪਾਵੈ—ਸਚਿ ਨਾਮਿ ਤਾੜੀ ਚਿਤੁ ਲਾਵੈ'

ਸ਼ਬਦ ਦੀ ਕਮਾਈ ਵਾਸਤੇ ਮਨ ਦੀ ਇਕਾਗਰਤਾ ਅਥਵਾ ਸ਼ਬਦ ਵਿਚ ਧਿਆਨ ਦਾ ਜੁੜਨਾ ਅਤੇ ਜੁੜੇ ਰਹਿਣਾ ਤੇ ਕਿਸੇ ਦੂਜੇ ਧਿਆਨ ਵਿਚ ਨ ਪੈਣ ਦੇਣਾ ਅਤੀਅੰਤ ਜ਼ਰੂਰੀ ਹੈ। ਇਸ ਦੇ ਨਾਲ ਹੀ ਇਕਾਗਰ ਹੋਏ ਮਨ ਨੂੰ ਸਾਵਧਾਨ ਰਖਣਾ ਤਾਂ ਕਿ ਉਸ ਦਾ ਟਿਕਾਉ ਉਸ ਨੂੰ ਨਿੰਦ੍ਰਾ ਵਾਲੀ ਹਾਲਤ ਦੇ ਸੁਖ ਵਿਚ ਟਿਕ ਜਾਣ ਤੋਂ ਬਚਾਈ ਰਖੇ। ਵਾਸ਼ਨਾਵਾਂ ਮਨ ਨੂੰ ਖਿੰਡਾਉਂਦੀਆਂ ਹਨ ਃ

'ਦੂਜੈ ਬਹੁਤੇ ਰਾਹ ਮਨ ਕੀਆਂ ਮਤੀ ਖਿੰਡੀਆ
ਬਹੁਤ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ' ਮ: ੧

ਅਤੇ ਮਨੁਖੀ ਸਤਿਆ ਵਾਸ਼ਨਾਵਾਂ ਨੂੰ ਪੂਰਾ ਕਰਨ ਲਈ ਖਰਚ ਹੁੰਦੀ ਹੈ। (Concentrated) ਇਕਾਗਰ ਮਨ ਵਾਸ਼ਨਾਵਾਂ ਤੋਂ ਮੁੜ ਕੇ ਇਕ ਥਾਂ ਟਿਕਦਾ ਹੈ ਅਥਵਾ ਜੋ ਸ਼ਕਤੀ ਇਨਾਂ ਂ ਪੂਰਾ ਕਰਨ ਲਈ ਬਾਹਰ ਜਾਂਦੀ ਸੀ ਉਹ ਅੰਦਰ ਕਾਬੂ ਰਹਿ ਕੇ ਅੰਦਰਲੇ ਨੂੰ ਸ਼ਕਤੀਵਾਨ

ਬਣਾਉਂਦੀ ਹੈ। ਜਿਵੇਂ ਭੈਨੇ ਘੜੇ ਦੀਆਂ ਤੇੜਾਂ ਰਾਹੀਂ ਪਾਣੀ ਬਾਹਰ ਵਗ ਜਾਂਦਾ ਹੈ ਪਰੰਤੂ ਜੇ ਘੜੇ ਦੀਆਂ ਤੇੜਾਂ ਮੁੰਦ ਦਿਤੀਆਂ ਜਾਣ ਤਾਂ ਇਸ ਵਿਚੋਂ ਪਾਣੀ ਬਾਹਰ ਨਹੀਂ ਡੁਲ੍ਹਦਾ, ਸਗੋਂ ਅੰਦਰ ਸਾਂਭਿਆ ਰਹਿ ਕੇ ਘੜੇ ਨੂੰ ਭਰਪੂਰ ਰਖਦਾ ਹੈ। ਤਿਵੇਂ ਹੀ ਕਾਂਮ ਕਰੋਧ ਆਦੀ ਮੋਰੀਆਂ ਰਾਹੀਂ ਮਨੁਖੀ ਸ਼ਕਤੀ ਗਵਾਚਦੀ ਹੈ। ਇਸ ਵਿਚ ਠਲ੍ਹ ਪੈ ਜਾਣ ਨਾਲ ਇਹ ਸ਼ਕਤੀ ਅੰਦਰ ਟਿਕੀ ਰਹਿ ਕੇ ਮਨੁਖ ਨੂੰ ਬਲਵਾਨ ਕਰਦੀ ਹੈ ਇਕਾਗਰਤਾ ਤੋਂ ਪ੍ਰਾਪਤ ਹੋਈ ਇਹੋ ਸ਼ਕਤੀ ਕਈ ਵੇਰ ਸਿਧੀਆਂ ਦਾ ਰੂਪ ਲੈ ਲੈਂਦੀ ਹੈ। ਇਸ ਤਰਾਂ ਸ਼ਬਦ ਵਿਚ ਧਿਆਨ ਜੋੜਨ ਅਤੇ ਸਾਵਧਾਨਤਾ ਨਾਲ ਕਾਫੀ ਸਮਾਂ ਜੁੜੇ ਰਹਿਣ ਤੋਂ ਤਾੜੀ ਲਗ ਜਾਂਦੀ ਅਥਵਾ ਲਿਵ ਦੀ ਦਸ਼ਾ ਪੈਦਾ ਹੋ ਜਾਂਦੀ ਹੈ, ਜਿਸ ਲਿਵ ਲੀਨਤਾ ਵਿਚੋਂ ਫਿਰ ਮਨ ਛੇਤੀ ਛੇਤੀ ਉਖੜਦਾ ਨਹੀਂ। ਪਰ ਲਿਵਲੀਨਤਾ ਬਹੁਤ ਲੰਮੀ ਮਸ਼ਕ (ਅਭਿਆਸ) ਤੋਂ ਬਿਨਾਂ ਕਠਨ ਹੈ ਇਸੇ ਲਈ ਗੁਰੂ ਜੀ ਨੇ ਫਰਮਾਇਆ ਸੀ।

'ਆਖਣ ਅਉਖਾ ਸਾਚਾ ਨਾਉ' ਮਹਲਾ ੧

ਇਸ ਔਖਿਆਈ ਨੂੰ ਸੌਖਾ ਕਰਨ ਲਈ ਇਸ ਰਸਤੇ ਦੇ ਖੋਜੀਆਂ ਨੇ ਕਈ ਪਰਕਾਰ ਦੇ ਸਾਧਨ ਹਠ ਯੋਗ, ਮੋਨ, ਤਿਆਗ ਆਦਿ ਕਰਨੇ ਦਸੇ ਹਨ ਪਰੰਤੂ ਗੁਰੂ ਜੀ ਇਸ ਦਾ ਨੇੜੇ ਅਤੇ ਸੌਖਾ ਹੱਲ 'ਪਿਆਰ' ਵਿਚ ਤਕਦੇ ਹੋਇ ਕਹਿੰਦੇ ਹਨ 'ਮਨਿ ਰਖੀਐ ਭਾਉ'

ਪ੍ਰੋਫੈਸਰ ਟੀ; ਐਲ: ਵਿਸਵਾਨੀ ਇਸੇ ਖਿਆਲ ਬਾਰੇ ਇਕ ਜਗਾ ਲਿਖਦੇ ਹਨ ঃ

'To utter the Name is to evoke an Idea and secure a link in the chain of harmony. But the name must be uttered with love. Meditation on the Name cannot draw nearer the great centre of life, if the heart lacks love. Meditation without love is empty. In a deeper sense, indeed meditation without love is a spiritual impossibility'.

'ਸਿਮਰਨ ਨਾਮ ਦੀ ਅਨਭਵਤਾ ਦਾ ਸਾਧਨ ਅਤੇ ਸਹਿਜ ਵਿਚ

ਜੋੜਨ ਦੀ ਕੜੀ ਹੈ ਪਰੰਤੂ ਪਿਆਰ ਸਹਿਤ ਜਪਿਆ ਨਾਮ ਹੀ ਅਸਲ ਸਿਮਰਨ ਹੈ । ਜਿਸ ਸਿਮਰਨ ਤੋਂ ਮਨ ਅੰਦਰ ਖਿਚ ਪੈਦਾ ਨਹੀਂ ਹੁੰਦੀ ਓਹ ਸਾਨੂੰ ਆਪਨੇ ਜੀਵਨ ਧੁਰੇ ਵੱਲ ਨਹੀਂ ਲੈ ਜਾ ਸਕਦਾ । ਪਿਆਰ ਵਿਹੂਣਾ ਸਿਮਰਨ ਥੋਥਾ ਹੈ । ਸਚ ਪੁਛੋ ਤਾਂ ਪਿਆਰ ਬਾਝੋਂ ਸਿਮਰਨ ਸੰਭਵ ਹੀ ਨਹੀਂ'

ਗੁਰੂ ਜੀ ਕਹਿੰਦੇ ਹਨ: 'ਰਸਿਕ ਰਸਿਕ ਠਾਕੁਰ ਗੁਣ ਗਾਵੈ' ਸਿਮਰਨ ਵਿਚ ਲਗਿਆਂ ਮਨ ਨੂੰ ਸੁਆਦ ਆਵੇ ਅਤੇ ਜਿਸ ਦਾ ਸਿਮਰਨ ਕੀਤਾ ਜਾ ਰਿਹਾ ਹੈ ਓਹ ਮਨ ਨੂੰ ਮਿਠਾ ਮਿਠਾ ਤੇ ਪਿਆਰਾ ੨ ਲਗੇ ਅਤੇ ਗੁਰੂ ਅਰਜਨ ਵਾਂਗ ਮਨ ਅੰਦਰੋਂ ਫੁੱਟ ੨ ਨਿਕਲੇ ;

'ਅਤਿ ਪ੍ਰੀਤਮ ਮਨ ਮੋਹਨਾ ਘਟਿ ਸੋਹਨਾ ਪ੍ਰਾਨ ਅਧਾਰਾ ਰਾਮ
ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ' ਬਿਹਾਗੜਾ

ਅਤੇ

'ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ' ਸੂਹੀ

ਪਿਆਰ ਵਿਚ ਲਿਵਲੀਨ ਹੋਇਆ ਮਨ ਇਹ ਪ੍ਰਤੀਤ ਕਰੇ :

'ਅਚਰਜੁ ਕਿਛੁ ਕਹਿਣੁ ਨਾ ਜਾਈ
ਬਸਤੁ ਅਗੋਚਰ ਭਾਈ ' ੮੮੩

ਪਰੰਤੂ ਅਜੇਹੀ ਅਨਭਵਤਾ ਗੁਰੂ ਦੇ ਸ਼ਬਦ ਤੋਂ ਪੈਂਦਾ ਹੁੰਦੀ ਹੈ ਅਤੇ ਜਿਨ੍ਹਾਂ ਦੇ ਅੰਦਰ ਸਤਿਗੁਰੂ ਨੇ ਆਪਨਾ ਸ਼ਬਦ ਰੂਪੀ ਦੀਵਾ ਜਗਾ ਕੇ ਚਾਨਣਾ ਕਰ ਦਿਤਾ ਹੈ ਓਹ ਹੀ ਇਸ ਦੇ ਅਸਚਰਜ ਅਨੰਦ ਦਾ ਸੁਆਦ ਮਾਣਦੇ ਹਨ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿਲਾਵਲ ਰਾਗ ਵਿਚ ਉਨ੍ਹਾਂ ਦੀ ਦਸ਼ਾ ਨੂੰ ਇਉਂ ਵਰਨਿਆ ਹੈ :

'ਸਤਿਗੁਰ ਸ਼ਬਦਿ ਉਜਾਰੋ ਦੀਪਾ
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ
ਬਿਸਮਨ ਬਿਸਮ ਭਏ ਜਉ ਪੇਖਿਓ ਕਹਿਨੁ ਨ ਜਾਇ ਵਡਿਆਈ
ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ
ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ
ਊਚ ਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂ ਮੋਰਾ ।'

ਅਸਲ ਵਿਚ ਇਹ ਉਸ ਦਸ਼ਾ ਦਾ ਚਿੱਤਰ ਸੀ ਜਿਸ ਦਸ਼ਾ ਅੰਦਰ ਗੁਰੂ ਅਰਜਨ ਦੇਵ ਜੀ ਆਪ ਪੁਜੇ ਹੋਏ ਸਨ । ਆਪ ਕਰਤਾ ਪੁਰਖ ਵਾਹਿਗੁਰੂ ਵਿਚ ਇਸ ਕਦਰ ਲਿਵ ਲੀਨ ਹੋ ਚੁਕੇ ਸਨ ਕਿ 'ਅਹੰ ਬੁਧਿ ਨਹੀਂ ਭੋਰਾ' । ਜਦੋਂ ਅਪਨੀ ਵਖਰੀ ਹੋਂਦ ਦੀ ਅਨਭਵਤਾ ਹੀ ਖਤਮ ਹੋ ਚੁਕੀ ਸੀ ਅਤੇ ਆਪ ਆਤਮਕ ਤੌਰ ਤੇ ਅਪਨੇ ਪ੍ਰੀਤਮ ਦੀ ਹੋਂਦ ਅੰਦਰ ਆਪਾ ਖੋ ਚੁਕੇ ਸਨ ਤਾਂ ਉਬਲਦੇ ਪਾਣੀ ਜਾਂ ਤਤੀ ਲੋਹ ਅਤੇ ਭਠ ਤਪਦੀ ਰੇਤ ਆਪ ਨੂੰ ਕਿਸ ਤਰ੍ਹਾਂ ਡੁਲਾ ਸਕਦੇ ਸਨ । ਆਪ ਨੇ ਕਥਿਆ ਸੀ

'ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ'   ਰਾਗ ਆਸਾ ੪੦੦
ਅਤੇ 'ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਤ'   ਬਿਲਾਵਲ

ਜਿਸ ਨੂੰ ਆਪਨੇ ਉਤੇ ਵਰਤ ਕੇ ਦੁਨੀਆਂ ਨੂੰ ਨਿਸਚੇ ਕਰਾਇਆ ਕਿ ਸ਼ਬਦ ਅਤੇ ਨਾਮ ਸਿਮਰਨ ਦੀ ਕਿਤਨੀ ਵਡਿਆਈ ਹੈ ।

ਸਿਮਰਨ ਦੀ ਵਡਿਆਈ ਦੀ ਮਹਿਮਾ ਆਪ ਨੇ ਸਾਰੀ ਬਾਣੀ ਵਿਚ ਹੀ ਕਥੀ ਹੈ, ਪਰੰਤੂ ਸੁਖਮਨੀ ਸਾਹਿਬ ਇਸ ਵਿਸ਼ੇ ਪਰ ਆਪ ਦੀ ਇਕ ਵਿਸ਼ੇਸ਼ ਰਚਨਾ ਹੈ ਜੋ ਇਸ ਵਡਿਆਈ ਸਦਕਾ ਆਪਨੇ ਆਪ ਵਿਚ ਹੀ ਨਾਮ ਸਿਮਰਨ ਹੈ, ਇਸੇ ਲਈ ਆਪ ਨੇ ਇਸ ਦੇ ਅਰੰਭ ਵਿਚ ਹੀ ਕਥਿਆ ਹੈ 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ' ਅਤੇ ਅਖੀਰ ਵਿਚ ਕਹਿੰਦੇ ਹਨ :

'ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ
ਤਿਸੁ ਜਨੁ ਆਵੈ ਹਰਿ ਪ੍ਰਭੁ ਚੀਤਿ......
ਸਭ ਤੇ ਊਚ ਤਾਕੀ ਸੋਭਾ ਬਨੀ
ਨਾਨਕ ਇਹ ਗੁਣਿ ਨਾਮੁ ਸੁਖਮਨੀ ।'

ਗੁਰੂ ਜੀ ਨੇ ਗੁਰੂ ਬਾਣੀ ਦੇ ਪਿਆਰ ਸਹਿਤ ਕੀਤੇ ਪਾਠ ਨੂੰ ਵਿਸ਼ੇਸ਼ ਥਾਉਂ ਦਿਤੀ ਹੈ ਅਤੇ ਇਸੇ ਨੂੰ ਅਸਲ ਭਗਤੀ ਦਸਿਆ ਹੈ :

'ਗੁਰ ਕਾ ਬਚਨੁ ਜਪਿ ਮੰਤੁ
ਏਹਾ ਭਗਤਿ ਸਾਰ ਤਤੁ' ਰਾਮਕਲੀ ਮ: ੫

ਇਸੇ ਸ਼ਬਦ ਅੰਦਰ ਭਗਤੀ ਦਾ ਤਰੀਕਾ ਇਉਂ ਸਮਝਾਇਆ ਹੈ :

'ਸਗਲ ਸਿਆਨਪ ਛਾਡਿ—ਕਰਿ ਸੇਵਾ ਸੇਵਕ ਸਾਜਿ
ਅਪਨਾ ਆਪੁ ਸਗਲ ਮਿਟਾਇ—ਮਨ ਚਿੰਦੇ ਸੇਈ ਫਲ ਪਾਇ
ਹੋਹੁ ਸਾਵਧਾਨ ਅਪੁਨੇ ਗੁਰ ਸਿਉ
ਆਸਾ ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ ।
ਦੂਜਾ ਨਹੀਂ ਜਾਨੈ ਕੋਇ—ਸਤਿਗੁਰੁ ਨਿਰੰਜਨੁ ਸੋਇ
ਮਾਨੁਖ ਕਾ ਕਰਿ ਰੂਪੁ ਨ ਜਾਨੁ—ਮਿਲੀ ਨਿਮਾਨੇ ਮਾਨ'

ਜਿਸ ਪਿਆਰੇ ਦੀ ਭਗਤੀ ਵਿਚ ਜੁੜਨਾ ਹੈ ਉਸ ਦੇ ਸਾਮ੍ਹਣੇ ਕਿਸੇ ਪਰਕਾਰ ਦੀ ਨਿਜੀ ਸਿਆਣਪ ਜਾਂ ਚਤਰਾਈ ਨੂੰ ਕੋਈ ਥਾਉਂ ਨਹੀਂ-- 'ਅਹੰ ਬੁਧਿ ਨਹੀਂ ਭੋਰਾ' ਉਥੇ ਹਰ ਕਰਤਵ ਦਾ ਕਰਨਹਾਰ ਵਾਹਿਗੁਰੂ ਹੈ। ਜੋ ਮਨੁਖ ਕਰਦਾ ਹੈ ਓਹ ਭੀ ਉਸ ਦਾ ਕਰਾਇਆ ਹੋਇਆ ਹੈ। ਸੰਸਾਰ ਦੇ ਸਾਰੇ ਕੰਮ ਕਾਰ ਕਰਦਿਆਂ ਹੋਇਆਂ ਭੀ ਬਿਰਤੀ ਇਸ ਨਿਸਚੇ ਤੇ ਟਿਕੀ ਹੋਵੇ :

ਕਹਿਆ ਕਰਣਾ ਦਿਤਾ ਲੈਣਾ—ਗਰੀਬਾਂ ਅਨਾਥਾਂ ਤੇਰਾ ਮਾਣਾ' ਮ: ੫

ਪਰੰਤੂ ਇਸਦਾ ਭਾਵ ਇਹ ਨਹੀਂ ਕਿ ਮਨੁਖ ਕਰਤਵ ਹੀਨ ਹੋ ਕੇ ਬੈਠ ਜਾਵੇ। ਗੁਰੂ ਜੀ ਦੇ ਫਰਮਾਨ ਇਸ ਬਾਰੇ ਬਹੁਤ ਸਪਸ਼ਟ ਹਨ :

'ਉਦਮੁ ਕਰੇਦਿਆ ਜੀਉ ਤੂ ਕਮਾਂਵਦਿਆਂ ਸੁਖ ਭੁੰਚੁ
ਧਿਆਇਦਿਆ ਤੂ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ' ਮਹਲਾ ੫
'ਘਾਲਿ ਖਾਇ ਕਿਛੁ ਹਥਹੁ ਦੇਇ—
ਨਾਨਕ ਰਾਹੁ ਪਛਾਣਹਿ ਸੇਇ' ਮਹਲਾ ੧
'ਸਰਮੁ (ਉਦਮ) ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ਮ: ੧

ਸੂਚਨਾ ਤਾਂ ਇਸ ਗਲ ਦੀ ਹੈ ਕਿ ਉਦਮ ਕਰਦਾ ਹੋਇਆ ਭੀ ਇਹ ਨ ਜਾਣੇ ਕਿ ਮੈਂ ਕੀਤਾ ਹੈ, ਇਉਂ, ਸਮਝੇ ਕਿ ਮੈਥੋਂ ਹੁਕਮ ਅੰਦਰ ਇਹ

ਕਾਰ ਲਈ ਗਈ ਹੈ । ਇਸ ਦੇ ਕਰਨ ਦੀ ਸੂਝ ਸਿਆਨਪ ਜੋ ਭੀ ਵਰਤੋਂ ਵਿਚ ਆਈ ਹੈ ਕਰਤੇ ਦੀ ਦਾਤ ਹੈ। ਮੈਂ ਤਾਂ ਕੇਵਲ ਉਸ ਦਾ ਇਕ ਕਾਰਿੰਦਾ ਹਾਂ ਜਿਸ ਦਾ ਕਰਤਵ ਕਰਤੇ ਦਾ ਹੁਕਮ ਬਜਾ ਲਿਆਉਣਾ ਹੈ ਮੇਰਾ ਅਪਨਾ ਇਸ ਵਿਚ ਕੁਝ ਨਹੀਂ ।

ਗੁਰੂ ਅਰਜਨ ਸਹਿਜ ਮੂਰਤ

ਇਸ ਵਿਚਾਰ ਦਾ ਅਮਲੀ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਿਜੀ ਜੀਵਨ ਹੈ । ਅਸਲ ਵਿਚ ਗੁਰੂ ਜੀ ਦਾ ਜੀਵਨ ਆਦਿ ਤੋਂ ਅੰਤ ਤਕ ਆਪ ਦੀ ਅਦੁਤੀ ਰਚਨਾ (ਗੁਰੂ ਬਾਣੀ) ਦਾ ਹੀ ਪ੍ਰਿਤਬਿੰਬ ਹੈ ਜੋ ਖਿਆਲ ਆਪ ਦੀ ਬਾਣੀ ਅੰਦਰੋ ਸਾਨੂੰ ਮਿਲਦਾ ਹੈ ਓਹੋ ਆਪ ਦੇ ਜੀਵਨ ਵਿਚ ਮੂਰਤੀਮਾਨ ਹੋਇਆ ਦਿਸਦਾ ਹੈ।

ਆਪ ਦਾ ਸਾਰਾ ਜੀਵਨ ਬਹੁਤ ਵਡੀ ਘਾਲਨਾ ਵਾਲਾ ਜੀਵਨ ਸੀ ਆਪ ਕੇਵਲ ਪੰਝੀ ਸਾਲ ਗੁਰ ਗਦੀ ਤੇ ਰਹੇ । ਇਤਨੇ ਸਮੇਂ ਅੰਦਰ ਸ੍ਰੀ ਹਰਿ ਮੰਦਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ ਸਾਹਿਬ ਦਾ ਮੰਦਰ ਤੇ ਸਰੋਵਰ, ਕਰਤਾਰਪੁਰ, ਸ੍ਰੀ ਹਰਿ ਗੋਬਿੰਦ ਪੁਰ ਦੀ ਕਾਇਮੀ ਅਤੇ ਏਨ੍ਹੀ ਥਾਂਈ ਵਪਾਰਕ ਕੇਂਦਰਾਂ ਦੀ ਸਥਾਪਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਮਹਾਨ ਗ੍ਰੰਥ ਦਾ ਸੰਪਾਦਨ, ੨੨੫੩ ਸ਼ਬਦਾਂ ਅਤੇ ਸੁਖਮਨੀ ਸਾਹਿਬ ਆਦਿਕ ਚਾਰ ਲੰਮੀਆਂ ਬਾਣੀਆਂ ਦੀ ਰਚਨਾਂ, ਥਾਂ ਪਰ ਥਾਂ ਗੁਰਮਤ ਪ੍ਰਚਾਰ ਦੇ ਕੇਂਦਰਾਂ ਦੀ ਸਥਾਪਤੀ ਇਤਨੇ ਵਡੇ ਕੰਮ ਹਨ ਜੋ ਕਰੜੀ ਘਾਲਣਾ ਬਿਨਾਂ ਸੰਭਵ ਨਹੀਂ ਸਨ, ਪਰੰਤੂ ਇਹ ਸਭ ਕੁਝ ਕਰਦੇ ਹੋਏ ।

'ਆਲ ਜਾਲ ਨਹੀਂ ਕਛੂ ਜੰਜਾਰਾ ਅਹੰ ਬੁਧਿ ਨਹੀਂ ਭੋਰਾ'

ਆਪ ਹੁਕਮੀ ਦੇ ਅਟੱਲ ਹੁਕਮ ਵਿਚ ਖੇਡਦੇ ਹਨ ਪੂਰਨ ਸਹਿਜ ਅਵਸਥਾ ਵਿਚ ਰਹਿੰਦ ਹੋਏ ਹਰ ਘਾਲ ਨੂੰ ਇਉਂ ਘਾਲ ਰਹੇ ਹਨ

'ਸਹਜੇ ਹੋਤਾ ਜਾਇ ਸੁ ਹੋਇ

ਜੇ ਕਰ ਸੁਲਹੀ ਖਾਨ ਹਮਲਾ ਕਰਕੇ ਆ ਰਿਹਾ ਤਾਂ 'ਮੈਂ ਸਭ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ, ਦਾ ਅਲਾਪ ਹੋ ਰਿਹਾ ਹੈ ਜੇ ਤਤੀ ਲੋਹ ਤੇ ਬੈਠੇ ਹਨ ਤਾਂ

'ਤੇਰਾ ਭਾਣਾ ਤੂੰ ਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ' ਸੂਹੀ

ਇਹ ਸਿਮਰਨ ਦੀ ਟੇਕ ਵਾਲਿਆਂ ਦੀ ਅਵਸਥਾ ਹੈ, ਉਨਾਂ ਦੇ ਅੰਤਰ ਆਤਮੇ ਸੁਖ ਹੈ ਇਸ ਲਈ ਉਹ ਸਦੀਵ ਕਾਲ ਸੁਖ ਵਿਚ ਵਸਦੇ ਹਨ

'ਘਰਿ ਮਹਿ ਸੂਖ ਬਾਹਰਿ ਫੁਨਿ ਸੂਖਾ'

ਇਸੇ ਲਈ ਆਪ ਨੇ ਫਰਮਾਇਆ ਸੀ

'ਜਿਸ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ' ਰਾਮ ਕਲੀ ਮਃ ੫

ਸਫਾ	ਅਰਥਾਵਲੀ	
੧	ਪੇਖਿਓ	ਵੇਖਿਆ ਹੈ
੨	ਸਰਪਰ	ਯਕੀਨਨ
੨	ਉਜਾਰੋ	ਚਾਨਣ ਕਰਨ ਵਾਲਾ
੨	ਦੀਪਾ	ਦੀਵਾ
੩	ਆਘਾਈ	ਰਜ ਗਏ
੪	ਉਰਿਧਾਰੋ	ਹਿਰਦੇ ਵਿਚ ਟਿਕਾਓ
੪	ਥੀਆਊ	ਹੋ ਜਾਵਾ
੪	ਕੀਮਾ ਹੂ	ਕੀਮਤ ਤੋਂ
੪	ਇਤੀ ਮੰਝ	ਇਤਨੀ ਵਿਥ
੪	ਹਾਵੈ	ਹਉਕੇ ਭਰਦੀ ਹੈ
੪	ਕਜਰ	ਕਜਲ
੪	ਅਭਰਨ	ਗਹਿਣੇ

੪	ਉਡੀਣੀ	ਉਡੀਕ ਵਿਚ ਉਦਾਸ
੬	ਧਨ	ਇਸਤ੍ਰੀ
੭	ਚਪਲੁ	ਹੁਸ਼ਿਆਰ
੯	ਨਿਹਤੇ	ਨੀਹਨ ਲਏ
੯	ਮਾਹਰੁ	ਸਰਦਾਰ-ਮਾਲਕ
੯	ਸਾਮੈ	ਆਮ ਸਾਮ, ਓਟ
੧੧	ਤਿਲਤ	ਤੇਲ
੧੧	ਕਿਰਖਹਿ	ਖੇਤੀ ਵਾਸਤੇ
੧੧	ਸੂਆ	ਤੋਤਾ
੧੧	ਬਿਲਾਸ	ਬਿੱਲੀ
੧੨	ਲੋਈ	ਸੰਸਾਰ
੧੨	ਬਿਅੰਨਿ	ਹੋਰ ਹਨ
੧੪	ਖੰਨਾ	ਖੰਡਾ
੧੪	ਛਾਰੀ	ਚਰਣ ਧੂੜ
੧੬	ਪਵਾਨ	ਪਉਣ
੧੬	ਪਾਵਕ	ਅੱਗ
੨੦	ਪਾਖਾਣੁ	ਪੱਥਰ
੨੦	ਉਦਿਆਨ	ਜੰਗਲ ਬੀਆਬਾਨ
੨੧	ਈਧਣੁ	ਬਾਲਣ
੨੧	ਭਾਹਿ	ਅਗ
੨੧	ਝੁੰਪੜੀ	ਝਉਂਪੜੀ-ਕੁੱਲੀ
੨੨	ਚੀਰ	ਕਪੜੇ
੨੨	ਵਿਡਾਨੜੈ	ਪਰਾਈ
੨੪	ਧਣੀ	ਮਾਲਕ
੨੯	ਕੁਰੰਕ	ਹਿਰਨ
੨੯	ਲਿਅ	ਭਉਰਾ

੨੯	ਮੀਨੰ	ਮੱਛੀ
੨੯	ਮੇਘ	ਬੱਦਲ
੨੯	ਤਿਅਕਤ	ਤਿਆਗ ਕੇ
੨੯	ਬੇਧੰਚ	ਵਿੰਨ੍ਹਿਆ ਜਾਂਦਾ ਹੈ
੨੯	ਕੁਸਮ	ਫੁਲ
੨੯	ਸਾਵੀਂ	ਬਰਾਬਰ
੩੦	ਨਿਹਾਲਸਾ	ਵੇਖਾਂਗੀ
੩੦	ਕਿਲ ਵਿਖਹੁ	ਪਾਪੋ
੩੦	ਦਹਨੁ	ਨਾਸ
੩੦	ਅਮਿਉ	ਅੰਮ੍ਰਿਤ
੩੦	ਕਨਿਕ	ਸੋਨਾ
੩੦	ਮੁਕਤ	ਮੋਤੀ
੩੦	ਸੈਨ	ਸੌਣਾ
੩੧	ਨਾਹੁ	ਪਤੀ
੩੧	ਕੜੀਐ	ਝੂਰੀਏ
੩੧	ਅਸਗਾਹ	ਡੂੰਘਾ ਸਮੁੰਦਰ
੩੨	ਅਗੋਚਰ	ਸਮਝ ਤੋਂ ਪਰੇ
੩੨	ਜੰਜਾਰਾ	ਜੰਜਾਲ
੩੨	ਊਭੀ	ਉਠ ਖੜੀ
੩੨	ਅੰਚਲਾ	ਪੱਲਾ
੩੭	ਬੰਚਲਾ	ਠਗਿਆ ਗਿਆ
੩੯	ਚਉ	ਬੋਲ
੪੦	ਮਹਿੰਜੇ	ਮੇਰਾ
੪੩	ਛਾਰੁ	ਖਾਕੁ (ਬੇਅਰਥ)

ਆਰਮੀ ਪ੍ਰੈਸ ਧਰਮ ਪੁਰਾ ਬਜ਼ਾਰ, ਪਟਿਆਲਾ (ਫ਼ੂਨ ਨੰ: ੧੫੦)
ਵਿਚ ਛਪਿਆ।

ਗੁਰੂ ਨਾਨਕ ਮਿਸ਼ਨ

ਗੁਰੂ ਨਾਨਕ ਮਿਸ਼ਨ ਦਾ ਉਦੇਸ਼ ਗੁਰਮਤਿ ਪ੍ਰਚਾਰ ਹੈ। ਇਸ ਦੇ ਲਈ ਗੁਰਮਤਿ ਸਾਹਿੱਤ ਛੋਟੇ ੨ ਟ੍ਰੈਕਟਾਂ ਦੇ ਰੂਪ ਵਿਚ ਪ੍ਰਕਾਸ਼ਤ ਕੀਤਾ ਜਾਂਦਾ ਹੈ। ਇਹ ਟ੍ਰੈਕਟ ਲਾਗਤ ਬਰਾਬਰ ਮੁੱਲ ਤੋਂ ਸੰਗਤਾਂ ਵਿਚ ਵੰਡਣ ਲਈ ਪ੍ਰਚਾਰ ਹਿਤੈਸ਼ੀਆਂ ਨੂੰ ਭੇਜੇ ਜਾਂਦੇ ਹਨ। 'ਬਾਣੀ ਦਾ ਬੋਹਿਥਾ' ਇਸ ਲੜੀ ਦਾ ਅਠਵਾਂ ਟ੍ਰੈਕਟ ਹੈ।

ਇਸ ਟ੍ਰੈਕਟ ਵਿਚ ਗੁਰੂ ਬਾਣੀ ਦੇ ਪਰਮਾਣ ਬਹੁਤ ਵਰਤੇ ਹਨ ਜਿਨ੍ਹਾਂ ਦੇ ਕੁਝ ਕਠਨ ਪਦਾਂ ਦੀ ਅਰਥਾਵਲੀ ਟ੍ਰੈਕਟ ਦੇ ਅੰਤ ਤੇ ਛਾਪੀ ਗਈ ਹੈ। ਪਾਠਕ ਸਜਣ ਇਸ ਦਾ ਲਾਭ ਲੈ ਸਕਦੇ ਹਨ ਇਹ ਸਾਰੇ ਟ੍ਰੈਕਟ ਮਿਸ਼ਨ ਦੇ ਦਫਤਰ ਸ਼ੇਰਾਂ ਵਾਲਾ ਗੇਟ ਪਟਿਆਲਾ ਤੋਂ ਮਿਲ ਸਕਦੇ ਹਨ। ਹੁਣ ਤਕ ਛਪੇ ਟ੍ਰੈਕਟਾਂ ਦਾ ਵੇਰਵਾ ਇਸ ਪ੍ਰਕਾਰ ਹੈ।

(੧)	ਮੈਂ ਸਿਖ ਕਿਉਂ ਹਾਂ	(ਅੰਗ੍ਰੇਜ਼ੀ ਤੇ ਪੰਜਾਬੀ)	ਮੁਲ	੧੦ ਪੈਸੇ
(੨)	ਬਾਬਾਣੀਆਂ ਕਹਾਣੀਆ	ਪੰਜਾਬੀ	,,	੧੫ ਪੈਸੇ
(੩)	ਕ੍ਰਾਂਤੀ ਕਾਰ ਗੁਰੂ ਨਾਨਕ	,,	,,	੧੨ ਪੈਸੇ
(੪)	ਮਰਦ ਅਗੰਮੜਾ	(ਪੰਜਾਬੀ ਤੇ ਹਿੰਦੀ)	,,	੧੫ ਪੈਸੇ
(੫)	ਖਾਲਸੇ ਦਾ ਵਿਕਾਸ		,,	੧੫ ਪੈਸੇ

ਸਕੱਤਰ

ਪ੍ਰਕਾਸ਼ਕ
ਨਰੈਣ ਸਿੰਘ ਸਕੱਤਰ
ਗੁਰੂ ਨਾਨਕ ਮਿਸ਼ਨ
ਸ਼ੇਰਾਂ ਵਾਲਾ ਗੇਟ ਪਟਿਆਲਾ

ਪਹਿਲੀ ਵਾਰ
੫੦੦੦ ਕਾਪੀ
ਜੂਨ ੧੯੬੫

ਛਾਪਕ
ਆਰਮੀ ਪ੍ਰੈਸ
ਪਟਿਆਲਾ